ਬਰੈਂਪਟਨ, -ਬੀਤੇ ਸੋਮਵਾਰ ਕਨਜ਼ਰਵੇਟਿਵ ਪਾਰਟੀ ਦੇ ਸੈਨੇਟਰ ਮਾਰੂ-ਹਥਿਆਰਾਂ ਦੀ ਤਾਕਤ ਨੂੰ ਅਣਗੌਲਿਆਂ ਕਰਦੇ ਹੋਏ ਕੈਨੇਡਾ-ਵਾਸੀਆਂ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹੇ ਹਨ। ਬਿੱਲ ਸੀ-71 ਦੀ ਆਮ ਸਧਾਰਨ ਸਮਝ ਵਾਲੀ ਸ਼ਬਦਾਵਲੀ ਵਿੱਚੋਂ ਉਨ੍ਹਾਂ ਵੱਲੋਂ ਬਾਹਰ ਕੱਢੇ ਗਏ ਸ਼ਬਦ 'ਅਗਨੀ ਹਥਿਆਰਾਂ ਲਈ ਅਰਜ਼ੀ-ਕਰਤਾਵਾਂ ਦੇ ਪਿਛੋਕੜ ਦਾ ਜੀਵਨ-ਭਰ ਚੈੱਕ ਰੱਖਣਾ ਅਤੇ ਇਨ੍ਹਾਂ ਦੇ ਲਾਇਸੈਂਸ ਨਵਿਆਉਣਾ, ਬੰਦੂਕਾਂ ਦੀ ਖ਼੍ਰੀਦ-ਵੇਚ ਦਾ ਬਾਕਾਇਦਾ ਰਿਕਾਰਡ ਰੱਖਣਾ ਅਤੇ ਇਨ੍ਹਾਂ ਹਥਿਆਰਾਂ ਦੀ ਸ਼੍ਰੇਣੀ-ਵੰਡ ਕਰਨ ਸਮੇਂ ਰਾਜਸੀ ਦਖ਼ਲ ਦਾ ਪ੍ਰਹੇਜ਼ ਕਰਨਾ', ਆਦਿ ਸ਼ਾਮਲ ਹਨ। ਸਪਰਿੰਗ 2018 ਵਿਚ ਲਿਬਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸਧਾਰਨ ਸਮਝ ਵਾਲੇ ਬਿੱਲ ਸੀ-71 ਵਿਚ ਅਗਨੀ-ਹਥਿਆਰਾਂ ਸਬੰਧੀ ਕਾਨੂੰਨ ਸ਼ਾਮਲ ਹੈ ਜਿਸ ਰਾਹੀਂ ਪਬਲਿਕ ਸੇਫ਼ਟੀ ਅਤੇ ਪੋਲੀਸ ਦੇ ਕੰਮ-ਕਾਜ ਨੂੰ ਚੁਸਤ-ਦਰੁਸਤ ਰੱਖਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਕਾਨੂੰਨੀ ਦਾਇਰੇ ਵਿਚ ਰਹਿਣ ਵਾਲੇ ਇਨ੍ਹਾਂ ਹਥਿਆਰਾਂ ਦੇ ਮਾਲਕ ਕੈਨੇਡਾ-ਵਾਸੀਆਂ ਨੂੰ ਸਹੀ ਮੰਨਿਆ ਗਿਆ ਸੀ।

ਹੁਣ ਜਦ ਕਿ ਨਿਊਜ਼ੀਲੈਂਡ ਇਤਿਹਾਸ ਦੇ ਸੱਭ ਤੋਂ ਘਿਨਾਉਣੇ ਹਮਲੇ ਦੇ ਮਾਰੂ ਅਸਰ ਤੋਂ ਮਸਾਂ ਹੀ ਬਾਹਰ ਆਇਆ ਹੈ, ਉਨ੍ਹਾਂ ਨੇ ਵੀ ਹਮਲੇ ਵਿਚ ਵਰਤੇ ਗਏ ਸਵੈ-ਚਾਲਕ ਹਥਿਆਰਾਂ ਜਿਨ੍ਹਾਂ ਨਾਲ ਦੋ ਮਸਜਿਦਾਂ ਵਿਚ ਨਿਮਾਜ਼ ਪੜ੍ਹ ਰਹੇ 50 ਸ਼ਾਂਤਮਈ ਲੋਕਾਂ ਦੀ ਜਾਨ ਗਈ ਸੀ, ਨੂੰ ਬੈਨ ਕਰਨ ਦਾ ਫ਼ੌਰੀ ਫ਼ੈਸਲਾ ਲਿਆ ਹੈ। ਐਂਡਰਿਊ ਸ਼ੀਅਰ ਦੀ ਕਨਜ਼ਰਵੇਟਿਵ ਪਾਰਟੀ ਦੇ ਮੈਂਬਰ ਸਾਨੂੰ ਹੋਰ ਪਿੱਛੇ ਲਿਜਾਣਾ ਚਾਹੁੰਦੇ ਹਨ। ਦਰਅਸਲ, ਉਹ ਤਾਂ ਸ਼ੂਟਿੰਗ-ਰੇਂਜ 'ਤੇ ਓਹੋ ਜਿਹੇ ਹਥਿਆਰ ਜਿਹੜੇ ਇਸ ਹਮਲੇ ਵਿਚ ਵਰਤੇ ਗਏ ਸਨ, ਨੂੰ ਵਰਤ ਕੇ ਆਪਣਾ ਫ਼ੰਡ-ਰੇਜ਼ਰ ਕਰਨਾ ਚਾਹੁੰਦੇ ਹਨ। ਇਹ ਬਹੁਤ ਹੀ ਕਠੋਰ ਅਤੇ ਬੇ-ਜ਼ਮੀਰਾ ਫ਼ੈਸਲਾ ਹੈ।

ਹੁਣ ਜਦੋਂ ਬੰਦੂਕੀ ਹਿੰਸਾ ਦਿਨੋ-ਦਿਨ ਵੱਧ ਰਹੀ ਹੈ, ਅਸੀਂ ਲਿਬਰਲ ਪਾਰਟੀ ਦੇ ਮੈਂਬਰ ਰਾਜਾਂ, ਮਿਉਂਨਿਸਿਪਲਿਟੀਆਂ ਅਤੇ ਸਥਾਨਕ ਕਾਨੂੰਨੀ ਸੰਸਥਾਵਾਂ ਨੂੰ ਗੈਂਗਾਂ ਤੇ ਕਾਨੂੰਨ ਦੀ ਅਵੱਗਿਆ ਕਰਨ ਵਾਲਿਆਂ ਨੂੰ ਕਾਬੂ ਕਰਨ, ਨੌਜੁਆਨਾਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਤੋਂ ਬਚਾਉਣ ਅਤੇ ਗ਼ੈਰ- ਕਾਨੂੰਨੀ ਜੀਵਨ-ਢੰਗ ਤੋਂ ਨਿਜਾਤ ਪਾਉਣ ਲਈ ਉਨ੍ਹਾਂ ਦੀ ਮਦਦ ਕਰ ਰਹੇ ਹਾਂ। ਏਸੇ ਲਈ ਐਂਡਰਿਊ ਸ਼ੀਅਰ ਦੀ ਕਨਜ਼ਰਵੇਟਿਵ ਪਾਰਟੀ ਸੈਨੇਟ ਵਿਚ ਇਸ ਦੇ ਲਈ ਰੋੜੇ ਅਟਕਾ ਰਹੀ ਹੈ। ਉਨ੍ਹਾਂ ਵੱਲੋਂ ਖੇਡੀ ਜਾ ਰਹੀ ਇਸ ਖ਼ਚਰ-ਖੇਡ ਦੇ ਬਾਵਜੂਦ ਅਸੀਂ ਆਪਣੀ ਜਗ੍ਹਾ ਸਥਿਰ ਹਾਂ ਅਤੇ ਅਸੀਂ ਕੈਨੇਡਾ-ਵਾਸੀਆਂ ਦੀ ਸੁਰੱਖਿਅਤਾ ਲਈ ਆਪਣਾ ਕੰਮ ਲਗਾਤਾਰ ਜਾਰੀ ਰੱਖਾਂਗੇ।

ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਕਿਹਾ,"ਮੇਰੀ ਕੰਸਟੀਚੁਐਂਸੀ ਦੇ ਲੋਕ ਮੈਨੂੰ ਬੰਦੂਕੀ-ਸੱਭਿਆਚਾਰ ਦੇ ਖ਼ਤਰੇ ਅਤੇ ਗੈਂਗ-ਹਿੰਸਾ ਬਾਰੇ ਅਕਸਰ ਦੱਸਦੇ ਰਹਿੰਦੇ ਹਨ ਕਿ ਕਿਵੇਂ ਉਹ ਆਪਣੇ ਆਂਢ-ਗੁਆਂਢ ਵਿਚ ਅਸੁਰੱਖ਼ਿਅਤ ਮਹਿਸੂਸ ਕਰਦੇ ਹਨ। ਮੈਨੂੰ ਅਫ਼ਸੋਸ ਹੈ ਕਿ ਕਨਜ਼ਰਵੇਟਿਵ ਪਾਰਟੀ ਵਾਲੇ ਇਸ ਵੱਲ ਕਿਉਂ ਅੱਖਾਂ ਮੀਟੀ ਸੋਚ ਰਹੇ ਹਨ। ਮੈਨੂੰ ਮਾਣ ਹੈ ਕਿ ਮੈਂ ਉਸ ਸਰਕਾਰ ਦਾ ਹਿੱਸਾ ਹਾਂ ਜਿਹੜੀ ਮੇਰੀ ਰਾਈਡਿੰਗ ਦੇ ਲੋਕਾਂ ਦੀਆਂ ਲੋੜਾਂ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਪੂਰੀ ਤਵੱਜੋਂ ਦੇ ਰਹੀ ਹੈ।"

# ਕੋਲਕਾਤਾ ਦੀ 'ਦ 42' ਭਾਰਤ ਦੀ ਸਭ ਤੋਂ ਉੱਚੀ ਇਮਾਰਤ ਬਣੀ

ਕੋਲਕਾਤਾ, 17 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਕੋਲਕ-ਾਤਾ ਵਿੱਚ ਜਵਾਹਰ ਲਾਲ ਨਹਿਰੂ ਰੋਡ 'ਤੇ ਦੇਸ਼ ਦੀ ਸਭ ਤੋਂ ਉੱਚੀ ਇਮਾਰਤ 'ਦ 42' ਚੌਰੰਗੀ ਬਣ ਕੇ ਤਿਆਰ ਹੋ ਗਈ ਹੈ। 65 ਮੰਜ਼ਿਲਾ ਇਮਾਰਤ 'ਦ 42' ਦੀ ਲੰਬਾਈ 268 ਮੀਟਰ ਹੈ। ਇਸ ਨੇ ਦੇਸ਼ ਦੀ ਸਭ ਤੋਂ ਉਚੀ ਇਮ-ਾਰਤ ਦਾ ਖਿਤਾਬ ਮੁੰਬਈ ਦੀ ਇੰਪੀਰੀਅਲ ਬਿਲਡਿੰਗ ਤੋਂ ਖੋਹ ਲਿਆ ਹੈ। ਇਮਾਰਤ ਦੇ ਸਾਹਮਣੇ ਵੱਡਾ ਮੈਦਾਨ ਹੈ ਅਤੇ ਉਸ ਤੋਂ ਅੱਗੇ ਹੁਗਲੀ ਨਦੀ ਵਗਦੀ ਦਿਸਦੀ ਹੈ। ਕੋਲਕਾਤਾ ਦੀ ਦੂਸਰੀ ਸਭ ਤੋਂ ਉੱਚੀ ਇਮਾਰਤ ਅਰਬਾਨਾ ਹੈ। ਇਹ 167.6 ਮੀਟਰ ਉੱਚੀ ਹੈ। ਭਾਰਤ ਵਿੱਚ ਸਭ ਤੋਂ ਵੱਧ ਹਾਈ ਰਾਈਜ਼ ਬਿਲਡਿੰਗਾਂ ਮੁੰਬਈ ਵਿੱਚ ਹਨ, ਜਿੱਥੇ ਇਨ੍ਹਾਂ ਦੀ ਗਿਣਤੀ 3000 ਤੋਂ ਵੱਧ ਹੈ। ਇਸ ਬਿਲਡਿੰਗਾਂ ਵਿੱਚ ਰਿਹਾਇਸ਼ੀ, ਕਮਰਸ਼ੀਅਲ ਤੇ ਰਿਟੇਲ ਕੰਪਲੈਕਸ ਸ਼ਾਮਲ ਹਨ। ਇੰਪੀਰੀਅਲ-2 ਸਿਰਫ ਮੁੰਬਈ ਦੀ ਨਹੀਂ, ਬਲਕਿ ਦੇਸ਼ ਦੀ ਵੀ ਸਭ ਤੋਂ ਉੱਚੀ ਇਮਾਰਤ ਸੀ, ਪ੍ਰੰਤੂ ਇਹ ਖਿਤਾਬ ਕੋਲਕਾਤਾ ਦੀ 'ਦ 42' ਨੂੰ ਮਿਲ ਗਿਆ ਹੈ।



ਪੰਜਾਬ ਡੈਮੋਕ੍ਰੇਟ ਪਾਰਟੀ ਵੱਲੋਂ ਆਗੂਆਂ ਦਾ ਇਕੱਠ ਕੀਤਾ ਗਿਆ। ਜਿਸ ਵਿਚ ਈਟੋਬੀਕੋ ਇਲਾਕੇ ਦੀ ਏਸ਼ੀਆਈ ਹੰਬਰ ਵੁਡ ਸੀਨੀਅਰ ਕਲੱਬ ਨੇ ਆਪਣਾ ਹਿੱਸਾ ਪਾਇਆ। ਜਿਸ ਵਿਚ ਸੁਲੱਖਣ ਸਿੰਘ ਅਟਵਾਲ, ਕੁਲਦੀਪ ਸਿੰਘ ਸੋਢੀ, ਕੇਵਲ ਸਿੰਘ ਢਿੱਲੋਂ, ਗੱਜਣ ਸਿੰਘ, ਮੱਲ ਸਿੰਘ ਬਾਸੀ, ਨਰਿੰਦਰ ਸਿੰਘ ਮੱਟੂ ਨੇ ਹਿੱਸਾ ਲਿਆ। ਬਲਵਿੰਦਰ ਸਿੰਘ ਤੇ ਗਾਂਧੀ ਸਾਹਿਬ ਨੇ ਟੀਵੀ 'ਤੇ ਸਪੀਚ ਕੀਤੀ ਜੋ ਭਰੇ ਹੋਏ ਹਾਲ 'ਚ ਬੈਠੇ ਸਰੋਤਿਆਂ ਨੇ ਬੜੇ ਧਿਆਨ ਨਾਲ ਸੁਣਿਆ। ਆਖ਼ਰ ਤੇ ਸੀਨੀਅਰ ਕਲੱਬ ਦਾ ਧੰਨਵਾਦ ਕੀਤਾ ਤੇ ਸ਼ੁਭ ਇਛਾਵਾਂ ਦਿੱਤੀਆਂ।

# ਕਾਂਗਰਸ ਸਰਕਾਰ ਕੰਮ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ : ਬਿੱਟੂ

ਲੁਧਿਆਣਾ, 17 ਅਪ੍ਰੈਲ (ਗਿਆਨ ਸਿੰਘ)-ਆਪਣੇ ਚੋਣ ਪ੍ਰਚਾਰ ਦੌਰਾਨ ਰਵਨੀਤ ਬਿੱਟੂ ਵੱਲੋਂ ਅੱਜ ਹਲਕਾ ਪੂਰਬੀ ਦੇ ਵਿਧਾਇਕ ਸੰਜੇ ਤਲਵਾੜ ਦੀ ਅਗਵਾਈ ਚ ਰੱਖੀਆਂ ਮੀਟਿੰਗਾਂ ਦੌਰਾਨ ਵਰਕਰਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਵੋਟਾਂ ਕਾਂਗਰਸ ਦੇ ਹੱਕ ਚ ਪਾਉਣ ਦੀ ਅਪੀਲ ਕੀਤੀ, ਉੱਥੇ ਹੀ ਅਕਾਲੀ ਦਲ 'ਤੇ ਤਿੱਖਾ ਵਾਰ ਕਰਦਿਆਂ ਕਿਹਾ ਰਾਜ ਨਹੀਂ ਸੇਵਾ ਦਾ ਨਾਅਰਾ ਲਗਾਉਣ ਵਾਲੇ ਬਾਦਲਾਂ ਨੇ ਆਪਣੀ ਸਰਕਾਰ ਦੇ ਦਸਾਂ ਸਾਲਾਂ ਦੌਰਾਨ ਸਾਰੇ ਕੰਮਾਂ ਵਿੱਚ ਹਿੱਸੇਦਾਰੀਆਂ ਪਾ ਕੇ ਆਪਣੀਆਂ ਜੇਬਾਂ ਤਾਂ ਭਰ ਲਈਆਂ, ਪਰੰਤੂ ਪੰਜਾਬ ਨੂੰ ਕੰਗਾਲ ਬਣਾ ਦਿੱਤਾ।



ਉਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ 'ਚ ਸੂਬੇ ਨੂੰ ਵਿਕਾਸ ਦੀਆਂ ਲੀਹਾਂ ਤੇ ਪਾਇਆਂ ਅਤੇ ਅਕਾਲੀ ਦਲ ਵੱਲੋਂ ਆਰਥਿਕ ਪੱਖੋਂ ਕਮਜੋਰ ਕੀਤੇ ਪੰਜਾਬ ਨੂੰ ਮਜਬੂਤ ਕਰਨ ਲਈ ਯਤਨਸ਼ੀਲ ਹੈ। ਬਿੱਟੂ ਨੇ ਕਿਹਾ ਕਿ ਕਾਂਗਰਸ ਸਰਕਾਰ ਕੰਮ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ ਕਿ ਨਾ ਕਿ ਜੇਬਾਂ ਭਰਨ ਵਿੱਚ।

ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਤੇ ਸ਼ਬਦੀ ਹਮਲਾ ਕਰਦਿਆਂ ਬਿੱਟੂ ਨੇ ਅੱਗੇ ਕਿਹਾ ਕਿ ਚੌਕੀਦਾਰੀ ਦੀ ਗੱਲ ਕਰਨ ਵਾਲੇ ਮੋਦੀ ਸਾਹਿਬ ਆਪ ਵੀ ਭਲੀ ਭਾਂਤ ਜਾਣਦੇ ਹਨ ਕਿ ਰਾਖੀ ਕਰਨ ਵਾਲਾ ਚੋਕੀਦਾਰ ਕਹਾਉਣ ਦਾ ਹੱਕਦਾਰ ਹੈ ਜਦਕਿ ਰਾਫੇਲ ਡੀਲ ਜਿਹੇ ਘੋਟਾਲੇ ਕਰਨ ਵਾਲਾ ਵਿਅਕਤੀ ਚੌਕੀਦਾਰ ਕਿਵੇਂ ਹੋ ਸਕਦਾ। ਇਹ ਤਾਂ ਸਿਰਫ ਚੋਣ ਸਟੰਟ ਹੈ, ਜਿਸ ਨੂੰ ਦੇਸ਼ ਵਾਸੀ ਵੀ ਚੰਗੀ ਤਰਾਂ ਸਮਝਦੇ ਹਨ। ਉਨਾਂ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਮਾਮਲੇ ਵਿੱਚ ਵਿਧਾਇਕ ਮਨਤਾਰ ਸਿੰਘ ਬਰਾੜ ਅਤੇ ਸੁਖਬੀਰ ਬਾਦਲ ਨੂੰ ਮੋਦੀ ਸਰਕਾਰ ਨੇ ਬਚਾ ਕੇ ਡਿੱਗ ਰਹੀ ਆਪਣੀ ਸਰਕਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਕੀਤੇ ਗਏ ਹਰ ਧੋਖੇ ਦਾ ਜਵਾਬ ਦੇਸ਼ ਦੀ ਜਨਤਾ ਜਰੂਰ ਲਏਗੀ।

ਆਪਣੇ ਸੰਬੋਧਨ ਦੌਰਾਨ ਸੰਜੇ ਤਲਵਾੜ ਨੇ ਵਿਸਵਾਸ਼ ਦਿਵਾਇਆ ਕਿ ਦੇਸ਼ ਕੌਮ ਲਈ ਆਪਣੀ ਸ਼ਹਾਦਤ ਦੇਣ ਵਾਲੇ ਇੱਕੋ ਇੱਕ ਮੁੱਖ ਮੰਤਰੀ ਸ.ਬੇਅੰਤ ਸਿੰਘ ਦੇ ਪੋਤਰੇ ਬਿੱਟੂ ਨੂੰ ਪੂਰਬੀ ਹਲਕੇ ਚੋਂ ਸਭ ਤੋਂ ਵੱਡੀ ਲੀਡ ਨਾਲ ਜਿਤਾਇਆ ਜਾਵੇਗਾ।

ਕਿਸੇ ਟਾਈਮ ਬੈਸਾਂ ਦੇ ਸਾਥੀ ਰਹੇ ਦਲਜੀਤ ਭੋਲਾ ਨੇ ਵੀ ਬੈਂਸ ਭਰਾਵਾਂ ਬਾਰੇ ਬੋਲਦਿਆਂ ਕਿਹਾ ਕਿ ਉਨਾਂ ਕਦੇ ਹਲਕੇ ਦਾ ਸੁਧਾਰ ਤਾਂ ਕੀਤਾ ਨਹੀਂ, ਨਾ ਹੀ ਬੈਂਸ ਭਰਾਂਵਾਂ ਨੇ ਇਲਾਕੇ ਦੀ ਡਿਵੈਲਮੈਂਟ ਕਰਵਾਉਣ ਬਾਰੇ ਵਿਧਾਨ ਸਭਾ ਦੇ ਅੰਦਰ ਲੜਾਈ ਲੜੀ, ਬੈਂਸਾਂ ਨੇ ਤਾਂ ਸਿਰਫ ਧਰਨੇ ਪ੍ਰਦਰਸ਼ਨ ਦੀ ਘਟੀਆ ਰਾਜਨੀਤੀ ਕੀਤੀ ਹੈ, ਜਿਸ ਨਾਲ ਲੋਕਾਂ ਦਾ ਕੋਈ ਫਾਇਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਬੈਂਸ ਭਰਾਂਵਾਂ ਨੇ ਕਿੰਨੀਆਂ ਤਾਂ ਪਾਰਟੀਆਂ ਬਦਲ ਲਈਆਂ ਵਿਕਾਸ ਕਿੱਥੋਂ ਕਰਵਾਉਣਾ ਸੀ? ਕਿਉਂਕਿ ਵਿਕਾਸ ਕਰਵਾਉਣ ਲਈ ਸਰਕਾਰਾਂ ਦਾ ਸਾਥ ਜਰੂਰੀ ਹੁੰਦਾ, ਪਰੰਤੂ ਉਨਾਂ ਦੀ ਤਾਂ ਕੋਈ ਪਾਰਟੀ ਹੀ ਨਹੀ, ਫਿਰ ਸਰਕਾਰ ਕਿੱਥੋਂ ਬਣੂ? ਮੀਡੀਆ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਬਿੱਟੂ ਨੇ ਵੀ ਕਿਹਾ ਕਿ ਵੋਟਰਾਂ ਨੂੰ ਬੈਂਸ ਭਰਾ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾ ਸਕੇ। ਉਨ੍ਹਾਂ ਕਿਹਾ ਕਿ ਇਨਸਾਫ ਦੀ ਗੱਲ ਕਰਨ ਵਾਲੇ ਬੈਂਸ ਭਰਾ ਜੇਕਰ ਏਨੇ ਹੀ ਇਮਾਨਦਾਰ ਹਨ ਤਾਂ ਭ੍ਰਿਸ਼ਟਾਚਾਰ ਦੇ ਵੱਖ-ਵੱਖ ਕੇਸਾਂ 'ਚ ਨਾਮਜਦ ਮਾਇਆਵਤੀ ਨਾਲ ਸਮਝੋਤਾ ਕਰਕੇ ਉਹ ਕਿਹੜੀ ਇਮਾਨਦਾਰੀ ਦਾ ਕੰਮ ਕਰ ਰਹੇ ਹਨ, ਉਸਨੇ ਤਾਂ ਲੋਕਾਂ ਦਾ ਕਰੋੜਾਂ ਰੁਪਇਆ ਆਪਣੀਆਂ ਮੂਰਤੀਆਂ ਬਣਾਉਣ ਤੇ ਬਰਬਾਦ ਕਰ ਦਿੱਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਸੰਜੇ ਤਲਵਾੜ, ਦਲਜੀਤ ਭੋਲਾ, ਕੌਂਸਲਰ ਕੁਲਦੀਪ ਜੰਡਾ, ਜਗਦੀਸ਼ ਲਾਲ ਦੀਸ਼ਾ ਆਦਿ ਹਾਜ਼ਿਰ ਸਨ।

# ਸੁਖਮੰਦਰ ਸਿੰਘ ਸੰਧੂ, ਬਾਰ ਕੌਂਸਲ, ਪੰਜਾਬ ਤੇ ਹਰਿਆਣਾ ਦੇ ਕੋ-ਔਪਟਡ ਮੈਂਬਰ ਨਿਯੁਕਤ



ਚੰਡੀਗੜ੍ਹ 17 ਅਪ੍ਰੈਲ (ਗਿਆਨ ਸਿੰਘ) ਡਾ. ਅਨਮੋਲ ਰਤਨ ਸਿੰਘ ਸਿੱਧੂ ਦੇ ਯਤਨਾ ਸਦਕਾ ਚੇਅਰਮੈਨ, ਸ਼੍ਰੀ ਰਾਜਨ ਸਿੰਘ ਬਰਾੜ,ਸਕੱਤਰ, ਸ਼੍ਰੀ ਸੁਵੀਰ ਸਿੰਘ ਸਿੱਧੂ ਦੁਆਰਾ ਐਡਵੋਕੇਟ ਸੁਖਮੰਦਰ ਸਿੰਘ ਸੰਧੂ ਨੂੰ ਪੰਜਾਬ ਦੇ ਪਹਿਲੇ ਕੋ-ਔਪਟਡ ਮੈਂਬਰ ਬਾਰ ਕੌਂਸਲ, ਚੰਡੀਗੜ੍ਹ ਨਿਯੁਕਤ ਕੀਤਾ ਗਿਆ। ਜੋ ਕਿ ਜ਼ਿਲ੍ਹਾ ਬਾਰ ਐਸੋਸੀਏਸ਼ਨ, ਬਠਿੰਡਾ ਲਈ ਬੜੇ ਮਾਣ ਦੀ ਗੱਲ ਹੈ। ਸੁਖਮੰਦਰ ਸਿੰਘ ਸੰਧੂ ਨੇ ਸਮੁੱਚੀ ਬਾਰ ਕੌਂਸਲ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ, ਬਠਿੰਡਾ ਦਾ ਬਹੁਤ ਬਹੁਤ ਧੰਨਵਾਦ ਕੀਤਾ, ਜਿਹਨਾਂ ਨੇ ਉਹਨਾਂ ਨੂੰ ਇਹ ਮਾਣ ਬਖਸ਼ਿਆ ਹੈ। ਉਹਨਾਂ ਕਿਹਾ ਕਿ ਉਹ ਇਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਹਮੇਸ਼ਾ ਸਮੁੱਚੇ ਵਕੀਲ ਭਾਈਚਾਰੇ ਦੀ ਭਲਾਈ ਲਈ ਯਤਨਬੱਧ ਰਹਿਣਗੇ। ਇਸ ਮੌਕੇ ਤੇ ਸੰਤੋਖਵਿੰਦਰ ਸਿੰਘ ਗਰੇਵਾਲ, ਐਡਵੋਕੇਟ (ਨਾਭਾ), ਮਾਨਯੋਗ ਹਾਈਕੋਰਟ, ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ, ਜਗਜੀਤ ਸਿੰਘ ਗਿੱਲ, ਐਡਵੋਕੇਟ, ਮਾਨਯੋਗ ਹਾਈਕੋਰਟ, ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ, ਬਲਰਾਜ ਸਿੰਘ ਸਿੱਧੂ, ਐਡਵੋਕੇਟ, ਮਾਨਯੋਗ ਹਾਈਕੋਰਟ, ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ ਜਸਦੀਪ ਸਿੰਘ (ਦੀਪੀ), ਐਡਵੋਕੇਟ, ਵਰਿੰਦਰ ਸ਼ਰਮਾਂ, ਐਡਵੋਕੇਟ, ਸਾਬਕਾ ਸਕੱਤਰ, ਜ਼ਿਲ੍ਹਾ ਬਾਰ ਐਸੋਸੀਏਸ਼ਨ, ਬਠਿੰਡਾ, ਕੰਵਰ ਅਜੈ ਸਿੰਘ ਚੀਮਾ, ਐਡਵੋਕੇਟ ਅਤੇ ਰਘੂਵੀਰ ਸਿੰਘ ਗਿੱਲ, ਐਡਵੋਕੇਟ ਸਾਹਿਬ ਵਿਸ਼ੇਸ਼ ਤੌਰ ਮੌਕੇ ਤੇ ਹਾਜ਼ਰ ਰਹੇ।

# ਵਿਸਾਖੀ ਦਿਹਾੜੇ ਨੂੰ ਸਮਰਪਿਤ ਤ੍ਰੈ-ਭਾਸ਼ੀ ਕਵੀ ਦਰਬਾਰ ਦਾ ਆਯੋਜਨ

ਲੁਧਿਆਣਾ, 17 ਅਪ੍ਰੈਲ (ਗਿਆਨ ਸਿੰਘ): ਸਥਾਨਕ ਪੰਜਾਬੀ ਭਵਨ ਦੇ ਕਾਨਫਰੈਂਸ ਹਾਲ ਵਿਚ ਸਾਹਿਤਕ ਅਦਾਰੇ ਕਵਿਤਾ ਕਥਾ ਕਾਰਵਾਂ ਵਲੋਂ ਆਯੋਜਿਤ ਕੀਤੇ ਵਿਸਾਖੀ ਦਿਹਾੜੇ ਨੂੰ ਸਮਰਪਿਤ ਤ੍ਰੈ-ਭਾਸ਼ੀ ਕਵੀ ਦਰਬਾਰ ਵਿਚ ਵੱਖ ਵੱਖ ਕਵੀਆਂ ਤੇ ਸ਼ਾਇਰਾਂ ਵਲੋਂ ਵਿਸਾਖੀ, ਖਾਲਸਾ ਦੀ ਸਿਰਜਨਾ, ਜੱਲਿਆਂਵਾਲਾ ਬਾਗ਼ ਦੀ ਤ੍ਰਾਸਦੀ ਅਤੇ ਅਜੋਕੇ ਸਮਾਜ ਸਾਹਮਣੇ ਚੁਣੌਤੀਆਂ ਅਤੇ ਕਿਰਸਾਨੀ ਦੀ ਮੰਦਹਾਲੀ ਵਰਗੇ ਹੋਰਨਾਂ ਸਰਗਰਮ ਵਿਸ਼ਿਆਂ ਤੇ ਕੇਂਦ੍ਰਿਤ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ਗਈ।



ਜਨਾਬ ਸਰਦਾਰ ਪੰਛੀ, ਡਾ. ਹਰੀ ਸਿੰਘ ਜਾਚਕ, ਸਾਗਰ ਸਿਆਲਕੋਟੀ, ਤ੍ਰੈਲੋਚਨ ਲੋਚੀ, ਸੰਗੀਤਾ ਭੰਡਾਰੀ, ਸੁਰਜੀਤ ਜੱਜ, ਪ੍ਰੋ. ਰਵਿੰਦਰ ਭੱਠਲ, ਸਤੀਸ਼ ਗੁਲਾਟੀ, ਤਰਸੇਮ ਨੂਰ, ਜੋਤੀ ਬਜਾਜ, ਵਿਭਾ ਕੁਮਰੀਆ, ਦੀਪ ਲੁਧਿਆਣਵੀ, ਰਾਜਿੰਦਰ ਰਾਜਨ, ਜਤਿੰਦਰ ਕੌਰ ਸੰਧੂ, ਬੱਚੀ ਸ੍ਰਿਸ਼ਟੀ ਸ਼ਰਮਾ, ਗੁਰਸਿਮਰ ਸਿੰਘ ਵਿਰਦੀ, ਕੋਮਲਦੀਪ ਕੌਰ ਅਹਿਸਾਸ, ਪ੍ਰੋ. ਗੁਰਵਿੰਦਰ ਕੌਰ, ਹਰਬੰਸ ਮਾਲਵਾ ਭਾਗ ਲੈਣ ਵਾਲੇ ਪ੍ਰਮੁਖ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ ਨਾਲ ਰੰਗ ਬਨ੍ਹਿਆ।

ਪ੍ਰਧਾਨਗੀ ਮੰਡਲ ਵਿਚ ਜਨਾਬ ਸਰਦਾਰ ਪੰਛੀ, ਡਾ. ਹਰੀ ਸਿੰਘ ਜਾਚਕ (ਪੰਥਕ ਕਵੀ), ਸਾਗਰ ਸਿਆਲਕੋਟੀ, ਤ੍ਰੈਲੋਚਨ ਲੋਚੀ, ਸੰਗੀਤਾ ਭੰਡਾਰੀ, ਸੁਰਜੀਤ ਜੱਜ, ਅਤੇ ਜਸਪ੍ਰੀਤ ਕੌਰ 'ਫਲਕ' ਖੁਦ ਸ਼ਾਮਲ ਹੋਏ।

ਪ੍ਰੋਗਰਾਮ ਦੀ ਵਿਲੱਖਣ ਗਲ ਇਹ ਸੀ ਕਿ ਇਸ ਮੌਕੇ ਸ਼ੁਰੂਆਤ ਬਾਲ ਕਵੀਆਂ ਸ੍ਰਿਸ਼ਟੀ ਸ਼ਰਮਾ, ਅਤੇ ਹਰਸਿਮਰ ਸਿੰਘ ਵਿਰਦੀ ਵਲੋਂ ਕਵਿਤਾ ਪਾਠ ਨਾਲ ਕੀਤੀ ਗਈ। ਪ੍ਰੋਗਰਾਮ ਦਾ ਸੰਚਾਲਨ ਧਰਮਿੰਦਰ ਸ਼ਾਹਿਦ ਖੰਨਾ ਵਲੋਂ ਬਾਖੂਬੀ ਅੰਦਾਜ਼ ਨਾਲ ਕੀਤਾ ਗਿਆ।

ਅਦਾਰੇ ਕਵਿਤਾ ਕਥਾ ਕਾਰਵਾਂ ਦੀ ਪ੍ਰਧਾਨ ਜਸਪ੍ਰੀਤ ਕੌਰ 'ਫਲਕ' ਨੇ ਭਾਗ ਲੈ ਰਹੇ ਸਾਰੇ ਕਵੀਆਂ ਦਾ ਸੁਆਗਤ ਕੀਤਾ ਅਤੇ ਅਦਾਰੇ ਵਲੋਂ ਸਨਮਾਨ ਚਿੰਨ੍ਹ ਦੇ ਕੇ ਸ਼ੁਕਰੀਆ ਅਦਾ ਕੀਤਾ।

ਉਨ੍ਹਾਂ ਕਿਹਾ ਕਿ ਕਵਿਤਾ ਕਥਾ ਕਾਰਵਾਂ ਵਲੋਂ ਭਵਿਖ ਵਿਚ ਵੀ ਅਜਿਹੇ ਪ੍ਰੋਗਰਾਮ ਕੀਤੇ ਜਾਣਗੇ ਥਾਂ ਜੋ ਉਭਰ ਰਹੀ ਪੀੜ੍ਹੀ ਨੂੰ ਰਚਨਾਤਮਕਤਾ ਵਲ ਪ੍ਰੇਰਿਆ ਜਾ ਸਕੇ। ਪ੍ਰੋਗਰਾਮ ਦੇ ਅਖੀਰ ਵਿਚ ਡਾ. ਹਰੀ ਸਿੰਘ ਜਾਚਕ ਨੇ ਆਪਣੇ ਕਵਿਕ ਅੰਦਾਜ਼ ਨਾਲ ਸਭਨਾਂ ਦਾ ਧੰਨਵਾਦ ਕੀਤਾ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ
ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)





# ਸੰਪਾਦਕੀ

## ਲੀਗਲ ਏਡ ਫੰਡਾਂ ਵਿੱਚ ਕਟੌਤੀ: ਮੁਸ਼ਕਲਾਂ, ਚੁਣੌਤੀਆਂ ਅਤੇ ਦਿਲਚਸਪ ਤੱਥ

ਪਿਛਲੇ ਕੁੱਝ ਦਿਨਾਂ ਤੋਂ ਮੀਡੀਆ ਵਿੱਚ ਲੀਗਲ ਏਡ ਉਂਟੇਰੀਓ ਨੂੰ ਮਿਲਣ ਵਾਲੇ ਫੰਡਾਂ ਵਿੱਚ ਡੱਗ ਫੋਰਡ ਸਰਕਾਰ ਵੱਲੋਂ ਕੀਤੀ ਗਈ ਕਟੌਤੀ ਦਾ ਮਸਲਾ ਕਾਫੀ ਭਖਿਆ ਹੋਇਆ ਹੈ। ਵਿੱਤੀ ਖਰਚਿਆਂ ਨੂੰ ਕੰਟਰੋਲ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਦੇ ਜਨੂੰਨ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਨੇ ਬੱਜਟ ਵਿੱਚ ਲੀਗਲ ਏਡ ਨੂੰ ਦਿੱਤੇ ਜਾਣ ਵਾਲੇ ਫੰਡਾਂ ਵਿੱਚ 133 ਮਿਲੀਅਨ ਡਾਲਰ ਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇਹ ਕਟੌਤੀ ਇਸ ਸੰਸਥਾ ਨੂੰ ਪ੍ਰੋਵਿੰਸ਼ੀਅਲ ਸਰਕਾਰ ਤੋਂ ਮਿਲਣ ਵਾਲੇ ਕੁੱਲ ਫੰਡਾਂ ਦਾ 30% ਹਿੱਸਾ ਬਣਦਾ ਹੈ। ਲੀਗਲ ਏਡ ਪ੍ਰੋਵਿੰਸ ਪੱਧਰ ਦੀ ਉਹ ਸੰਸਥਾ ਹੈ ਜੋ ਲੀਗਲ ਏਡ ਸਰਵਿਸਜ਼ ਐਕਟ, 1998 ਦੇ ਤਹਿਤ ਉਂਟੇਰੀਓ ਵਿੱਚ ਘੱਟ ਆਮਦਨ ਵਾਲੇ ਲੋਕਾਂ ਨੂੰ ਕਨੂੰਨੀ ਸਹਾਇਤਾ ਦੀਆਂ ਸੇਵਾਵਾਂ ਦੇਂਦੀ ਹੈ। ਲੀਗਲ ਏਡ ਇਹ ਸੇਵਾਵਾਂ ਉਂਟੇਰਓਿ ਭਰ ਵਿੱਚ ਸਥਾਪਤ 80 ਲੀਗਲ ਏਡ ਕਲਿਨਕਾਂ ਰਾਹੀਂ ਪ੍ਰਦਾਨ ਕਰਦੀ ਹੈ ਜਿਵੇਂ ਕਿ ਬਰੈਂਪਟਨ ਵਿੱਚ ਸਥਿਤ ਲੀਗਲ ਏਡ ਕਲਿਨਿਕ ਦਾ ਨਾਮ ਨੌਰਥ ਪੀਲ ਹਾਲਟਨ ਲੀਗਲ ਕਲਿਨਿਕ ਹੈ ਅਤੇ ਮਿਸੀਸਾਗਾ ਵਿੱਚ ਮਿਸੀਸਾਗਾ ਲੀਗਲ ਕਲਿਨਿਕ ਹੈ।

ਨਵੇਂ ਕੱਟਾਂ ਵਿੱਚ ਵਿਸ਼ੇਸ਼ ਜ਼ਿਕਰ ਇੰਮੀਗਰਾਂਟਾਂ ਅਤੇ ਰਿਫਿਊਜੀਆਂ ਨੂੰ ਮਿਲਣ ਵਾਲੀਆਂ ਮੁਫ਼ਤ ਸੇਵਾਵਾਂ ਉੱਤੇ ਪਵੇਗਾ। ਇਹਨਾਂ ਸੇਵਾਵਾਂ ਲਈ ਮਿਲਣ ਵਾਲੇ 30 ਮਿਲੀਅਨ ਡਾਲਰ ਹਟਾ ਦੇਣ ਦਾ ਫੈਸਲਾ ਕੀਤਾ ਗਿਆ ਹੈ ਜੋ ਕਿ ਬੁਰੀ ਗੱਲ ਹੈ। ਸਮਝਿਆ ਜਾ ਸਕਦਾ ਹੈ ਕਿ ਡੱਗ ਫੋਰਡ ਅਜਿਹਾ ਸਖ਼ਤ ਕਦਮ ਚੁੱਕ ਕੇ ਫੈਡਰਲ ਸਰਕਾਰ ਨੂੰ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਜੋ ਰਿਫਿਊਜੀ ਤੁਸੀਂ ਬੁਲਾਉਂਦੇ ਹੋ, ਉਹਨਾਂ ਦਾ ਖਰਚਾ ਵੀ ਤੁਸੀਂ ਆਪ ਕਰੋ। ਇਹ ਪਹੁੰਚ ਨਵੀਂ ਨਹੀਂ ਹੈ ਸਗੋਂ ਜਦੋਂ ਤੋਂ ਅਮਰੀਕਾ ਬਾਰਡਰ ਤੋਂ ਆਉਣ ਵਾਲੇ ਰਿਫਿਊਜੀਆਂ ਦਾ ਆਉਣਾ ਵੱਧ ਹੋਇਆ ਹੈ, ਲਿਬਰਲ ਅਤੇ ਕੰਜ਼ਰਵੇਟਿਵ ਪਹੁੰਚ ਦਾ ਪਾੜਾ ਵੱਧਦਾ ਗਿਆ ਹੈ। ਪਰ ਜਿਸ ਕਿਸਮ ਨਾਲ ਪ੍ਰੋਵਿੰਸ਼ੀਅਲ ਸਰਕਾਰ ਨੇ ਸਾਰੇ ਰਿਫਿਊਜੀਆਂ ਅਤੇ ਇੰਮੀਗਰਾਂਟਾਂ ਨੂੰ ਆਪਣੀ ਮਾਰ ਹੇਠ ਲੈ ਆਂਦਾ ਹੈ, ਉਹ ਠੀਕ ਨਹੀਂ ਹੈ। ਸਿਆਸੀ ਲੜਾਈ ਵਿੱਚ ਲੋੜਵੰਦਾਂ ਨੂੰ ਨਿਸ਼ਾਨਾ ਬਣਾਉਣ ਦੀ ਮਿਸਾਲ ਝੋਟਿਆਂ ਦੀ ਲੜਾਈ ਵਿੱਚ ਘਾਹ ਦਾ ਨੁਕਸਾਨ ਹੋਣ ਵਾਲੀ ਹੈ।

ਪਰ ਇਹ ਗੱਲ ਵੀ ਦਿਲਚਸਪ ਹੈ ਕਿ ਪਿਛਲੀ ਲਿਬਰਲ ਸਰਕਾਰ ਨੇ ਲੀਗਲ ਏਡ ਨੂੰ ਦਿੱਤੇ ਜਾਣ ਵਾਲੇ ਫੰਡਾਂ ਵਿੱਚ 2014-15 ਦੇ ਮੁਕਾਬਲੇ 2017-18 ਤੱਕ 30% ਦਾ ਵਾਧਾ ਕੀਤਾ ਸੀ। ਉਂਟੇਰੀਓ ਇੱਕ ਅਜਿਹਾ ਪ੍ਰੋਵਿੰਸ ਹੈ ਜਿਸ ਵਿੱਚ ਲੀਗਲ ਏਡ ਨੂੰ ਮਿਲਣ ਵਾਲੇ ਫੰਡਾਂ ਦੀ ਫੈਡਰਲ ਸਰਕਾਰ ਵੱਲੋਂ ਭਰਪਾਈ ਸਿਰਫ਼ 39% ਦੇ ਬਰਾਬਰ ਕੀਤੀ ਜਾਂਦੀ ਹੈ। ਇਸਦੇ ਉਲਟ ਬ੍ਰਿਟਿਸ਼ ਕੋਲੰਬੀਆ ਵਿੱਚ ਫੈਡਰਲ ਫੰਡ 72% ਹਨ ਅਤੇ ਕਿਊਬਿੱਕ ਵਿੱਚ 69%। ਕੀ ਇਹ ਮਜ਼ੇਦਾਰ ਗੱਲ ਨਹੀਂ ਕਿ ਇਸ ਊਣਤਾਈ ਬਾਰੇ ਮੇਨਸਟਰੀਮ ਮੀਡੀਆ ਜਾਂ ਫੈਡਰਲ ਸਰਕਾਰ ਖੁਦ ਗੱਲ ਨਹੀਂ ਕਰ ਰਹੀ। ਪੰਜਾਬੀ ਪੋਸਟ ਨੇ ਇਹ ਅੰਕੜੇ ਉਂਟੇਰੀਓ ਦੇ ਆਡੀਟਰ ਜਨਰਲ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਵਿੱਚੋਂ ਲਏ ਗਏ ਹਨ।

ਇਹਨਾਂ ਕੱਟਾਂ ਦਾ ਇੱਕ ਹੋਰ ਪਹਿਲੂ ਇਹ ਹੈ ਕਿ ਲੀਗਲ ਏਡ ਨੂੰ ਲੱਗੇ ਕੱਟਾਂ ਵਿੱਚ ਇੰਮੀਗਰਾਂਟ ਅਤੇ ਰਿਫਿਊਜੀ ਇੱਕ ਹਿੱਸਾ ਹਨ ਕਿਉਂਕਿ ਕੁੱਲ ਕੱਟ 133 ਮਿਲੀਅਨ ਡਾਲਰ ਦੇ ਕਰੀਬ ਲੱਗੇ ਹਨ। ਇਹਨਾਂ ਕੱਟਾਂ ਦਾ ਨੁਕਸਾਨ ਉਂਟੇਰੀਓ ਦੇ ਗਰੀਬ ਤਬਕੇ ਉੱਤੇ ਪਵੇਗਾ ਜਿਹਨਾਂ ਵਿੱਚ ਜ਼ਿਆਦਾਤਰ ਉਂਟੇਰੀਓ ਡਿਸਏਬਲਟੀ ਸੁਪੋਰਟ ਪ੍ਰੋਗਰਾਮ (ODSP) ਦਾ ਲਾਭ ਲੈਣ ਵਾਲੇ ਲੋਕ ਹੋਣਗੇ। ਜਦੋਂ ਅਸੀਂ ਖਬਰਾਂ ਵਿੱਚ ਵੇਖਦੇ ਹਾਂ ਤਾਂ ਇੰਝ ਜਾਪਦਾ ਹੈ ਜਿਵੇਂ ਸਾਰੇ ਦੇ ਸਾਰੇ ਕੱਟ ਇੰਮੀਗਰਾਂਟਾਂ ਅਤੇ ਰਿਫਿਊਜੀਆਂ ਨੂੰ ਮਿਲਣ ਵਾਲੀਆਂ ਸੇਵਾਵਾਂ ਉੱਤੇ ਲਾਏ ਗਏ ਹੋਣ। ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਉਂਟੇਰੀਓ ਸਰਕਾਰ ਨੇ ਬੱਜਟ ਵਿੱਚ ਨਿਆਂ ਸਿਸਟਮ ਲਈ ਫੰਡ ਘੱਟ ਨਹੀਂ ਕੀਤੇ ਸਗੋਂ 188 ਮਿਲੀਅਨ ਡਾਲਰ ਵਧੇਰੇ ਰੱਖੇ ਹਨ। ਇਹ ਵਾਧੂ ਫੰਡ ਫੈਸਲਟੀਆਂ (ਇਮਾਰਤਾਂ ਦਫ਼ਤਰਾਂ ਆਦਿ) ਦੀ ਮੁਰੰਮਤ, ਅਪਰਾਧਕ ਮਸਲਿਆਂ ਦੇ ਪੀੜਤਾਂ ਨੂੰ ਇਵਜ਼ਾਨਾ ਦੇਣ ਅਤੇ ਲੌਂਗ ਟਰਮ ਕੇਅਰ ਹੋਮਾਂ ਵਿੱਚ ਸੁਰੱਖਿਆ ਨੂੰ ਲੈ ਕੇ ਕੀਤੀ ਜਾਣ ਵਾਲੀ ਪਬਲਿਕ ਇਨਕੁਆਰੀ ਅਤੇ ਗੈਂਗ ਆਧਾਰਤਿ ਹਿੰਸਾ ਨਾਲ ਸਿੱਝਣ ਲਈ ਹੋਣਗੇ। ਸੋ ਹਕੀਕਤ ਲੜਾਈ ਡਾਲਰਾਂ ਦੀ ਨਹੀਂ ਸਗੋਂ ਸਿਆਸੀ ਪਹੁੰਚ ਅਤੇ ਸਿਆਸੀ ਖਾਨਾਜੰਗੀ ਦੀ ਹੈ।

ਇੱਕ ਗੱਲ ਲੀਗਲ ਏਡ ਦੇ ਕੰਮਕਾਜ ਬਾਰੇ ਵੀ ਕਰਨੀ ਬਣਦੀ ਹੈ। ਆਡੀਟਰ ਜਨਰਲ ਦੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਇਸਦੇ ਨੇ ਵਕੀਲਾਂ ਦੀਆਂ ਫੀਸਾਂ ਅਤੇ ਹੋਰ ਖਰਚਿਆਂ ਨੂੰ ਕੰਟਰੋਲ ਵਿੱਚ ਰੱਖਣਾ ਤਾਂ ਦੂਰ ਸਗੋਂ ਵਕੀਲਾਂ ਕੋਲੋਂ ਉਹਨਾਂ ਦੁਆਰਾ ਕੀਤੇ ਗਏ ਕੰਮ ਦੀ ਕੁਆਲਟੀ ਆਦਿ ਦੀ ਵੀ ਪੜਤਾਲ ਨਹੀਂ ਕੀਤੀ। ਅਜਿਹੀਆਂ ਸੰਸਥਾਵਾਂ ਲਈ ਪਬਲਿਕ ਦੇ ਟੈਕਸ ਡਾਲਰਾਂ ਦਾ ਸਨਮਾਨ ਕਰਨਾ ਮਜ਼ਬੂਰੀ ਨਹੀਂ ਸਗੋਂ ਜੁੰਮੇਵਾਰੀ ਹੋਣਾ ਚਾਹੀਦੀ ਹੈ।

## ਨੌਜਵਾਨਾਂ ਵਿੱਚ ਨਸ਼ੇ

ਹਰਜ਼ਿੰਦਰ ਕੌਰ ਤੂਰ-ਦੱਦਾਹੂਰ (6475282715)

ਅੱਜ ਦੇ ਲੋਕਾਂ ਦਾ ਇਮਾਨ ਲੱਗਭਗ ਨਸ਼ਾ ਬਣ ਚੁੱਕਿਆ ਹੈ। ਕੋਈ ਸਮਾਂ ਸੀ ਜਦੋਂ ਨੌਜਵਾਨਾਂ ਦੇ ਭਰਵੇਂ ਸਰੀਰ ਦਾ ਕਾਰਨ ਚੰਗੀ ਚੋਖੀ ਖੁਰਾਕ ਹੋਇਆ ਕਰਦੀ ਸੀ। ਪਰ ਅੱਜਕਲ੍ਹ ਦੇ ਨੌਜਵਾਨਾਂ ਦੇ ਖੋਖਲੇ ਜਿਹੇ ਸਰੀਰ ਤੇ ਡਿੱਗਦੀ ਸਿਹਤ ਵੇਖ ਕੇ ਇਹ ਕਹਿਣਾ ਪੈ ਰਿਹਾ ਹੈ,' ਅੱਜਕਲ੍ਹ ਦੇ ਨੌਜਵਾਨਾਂ ਦੀ ਸਿਹਤ ਦਾ ਰਾਜ, ਲਾਉਣ ਟੀਕੇ ਪੀਣ ਫੈਂਸੀ ਤੇ ਸਿਗਰਟਾਂ ਜਨਾਬ।' ਇਹ ਕਲਿਹਣੇ ਨਸ਼ੇ ਮਨੁੱਖ ਨੂੰ ਹਰ ਪੱਖੋਂ ਹੀਣਾ ਤੇ ਮੁਹਤਾਜ ਬਣਾ ਕੇ ਉਥੇ ਖੜ੍ਹਾ ਕਰ ਦਿੰਦੇ ਹਨ ਜਿੱਥੋਂ ਸ਼ਾਇਦ ਹੀ ਵਾਪਿਸ ਮੁੜਿਆ ਜਾਵੇ। ਸਿਗਰਟ,ਸ਼ਰਾਬ ਤੇ ਅਫ਼ੀਮ ਜਿਹੇ ਨਸ਼ੇ ਤਾਂ ਆਮ ਹੀ ਹੋ ਗਏ ਹਨ। ਜੱਟਾਂ ਦੇ ਮੁੰਡੇ ਅਫੀਮ ਤੇ ਸਿਗਰਟਾਂ ਤਾਂ ਆਮ ਹੀ ਜੇਬਾਂ ਵਿੱਚ ਪਾ ਕੇ ਘੁੰਮਦੇ ਹਨ।ਅੱਜਕਲ੍ਹ ਅਜਿਹੇ ਨਸ਼ੇ ਹੋ ਗਏ ਹਨ ਜਿੰਨ੍ਹਾਂ ਬਾਰੇ ਆਮ ਵਿਅਕਤੀ ਨੂੰ ਗਿਆਨ ਹੀ ਨਹੀ। ਜਿਵੇਂ ਖੰਘ ਦੀ ਦਵਾਈ ਕਈ ਤਰਾਂ ਦੀਆਂ ਗੋਲੀਆਂ ਅਤੇ ਕਈ ਪ੍ਰਕਾਰ ਦੇ ਕੈਪਸੂਲ ਆਦਿ ਦੀ ਵਰਤੋਂ ਬਿਮਾਰੀ ਦੇ ਇਲਾਜ ਲਈ ਘੱਟ ਨੌਜਵਾਨਾਂ ਦੀ ਨਸ਼ਾ ਪੂਰਤੀ ਲਈ ਵਧੇਰੇ ਕੀਤੀ ਜਾਂਦੀ ਹੈ। ਅਨੇਕਾਂ ਪ੍ਰਕਾਰ ਦੇ ਟੀਕੇ ਨਸ਼ੇ ਦੇ ਤੌਰ ਤੇ ਨਾੜਾਂ ਵਿੱਚ ਇੰਨੀ ਜ਼ਿਆਦਾ ਮਾਤਰਾ ਵਿੱਚ ਲਗਾਏ ਜਾਂਦੇ ਹਨ ਕਿ ਜਰੂਰੀ ਵਰਤੋਂ ਲਈ ਕੋਈ "ਖੁਸ਼ਨਸੀਬ" ਨਾੜ ਨਹੀਂ ਮਿਲਦੀ। ਨੌਜਵਾਨ ਜਦੋਂ ਸਰੀਰ ਖੋਖਲਾ ਹੋ ਜਾਣ ਤੇ ਵਾਪਿਸ ਪਰਤਣਾ ਚਾਹੁੰਦਾ ਹੈ ਤਾਂ ਉਹ ਵਾਪਿਸ ਨਹੀਂ ਪਰਤ ਸਕਦਾ।ਇਹਨਾਂ ਨਸ਼ਿਆਂ ਕਾਰਨ ਨੌਜਵਾਨ ਪੀੜ੍ਹੀ ਜੋ ਕਿ ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਵਿੱਚ ਸਰਗਰਮ ਹਿੱਸਾ ਪਾਉਂਦੀ ਹੈ ਬੁਰੀ ਤਰਾਂ ਕੁਰਾਹੇ ਤੇ ਪੈ ਗਈ ਹੈ। ਪੰਜਾਬ ਦੇ ਸਰਹੱਦੀ ਇਲਾਕੇ ਵਿੱਚ ਵੱਸਦੇ ਨੌਜਵਾਨ ਇਸਦੇ ਵਧੇਰੇ ਸ਼ਿਕਾਰ ਹਨ,ਤੇ ਇਹ ਬੀਮਾਰੀ ਮੁੰਡਿਆਂ ਨੂੰ ਹੀ ਨਹੀਂ,ਸਗੋਂ ਕੁੜੀਆਂ ਵਿੱਚ ਵੀ ਇਹ ਆਪਣੇ ਪੈਰ ਪਸਾਰ ਚੁੱਕੀ ਹੈ। ਨਸ਼ਿਆਂ ਦੀਆਂ ਆਦਤਾਂ ਵਿੱਚ ਫਸ ਕੇ ਨੌਜਵਾਨ ਕੇਵਲ ਆਪਣੀ ਜ਼ਿੰਦਗੀ ਤਬਾਹ ਨਹੀ ਕਰ ਰਹੇ,ਸਗੋਂ ਸਮੁੱਚੇ ਦੇਸ਼ ਲਈ ਰੁਕਾਵਟ ਬਣ ਰਹੇ ਹਨ। ਜ਼ਿਆਦਾਤਰ ਨੌਜਵਾਨ ਦੇਸ਼ ਵਿੱਚ ਵੱਧ ਰਹੀ ਬੇਰੁਜ਼ਗਾਰੀ ਕਾਰਨ ਨਸ਼ੇ ਦੀਆਂ ਭੈੜੀਆਂ ਆਦਤਾਂ ਵਿੱਚ ਪੈ ਗਏ ਹਨ। ਪੰਜਾਬ ਵਿੱਚ ਜ਼ਿਆਦਾਤਰ ਮੁੰਡੇ ਤੇ ਕੁੜੀਆਂ ਨਸ਼ਿਆਂ ਦੇ ਸ਼ੌਕੀਨ ਹੋ ਚੁੱਕੇ ਹਨ।ਕਈ ਨੌਜਵਾਨ ਨਸ਼ੇ ਦੇ ਟੀਕੇ ਲਾਉਂਦੇ ਹਨ ਤੇ ਇੱਕ ਦੂਜੇ ਦੀਆਂ ਸੂਈਆਂ ਵਰਤਦੇ ਹਨ ਤੇ ਇਸ ਤਰਾਂ ਅਨੇਕਾ ਬਿਮਾਰੀਆਂ ਉਹਨਾਂ ਨੂੰ ਇੱਕ ਦੂਜੇ ਤੋਂ ਲੱਗਦੀਆਂ ਹਨ। ਨਸ਼ੇ ਸਾਡੀ ਜ਼ਿੰਦਗੀ ਨੂੰ ਚਕਨਾਚੂਰ ਕਰ ਦਿੰਦੇ ਹਨ। ਕਈ ਵਾਰ ਤਾਂ ਨਸ਼ੇ ਲਈ ਲੋਕ ਆਪਣਾਂ ਘਰ-ਬਾਰ ਤੇ ਜ਼ਮੀਨ ਜਾਇਦਾਦਾਂ ਵੀ ਵੇਚ ਦਿੰਦੇ ਹਨ। ਨੌਜਵਾਨ ਮੁੰਡਿਆਂ ਦਾ ਨਸ਼ਿਆਂ ਵੱਲ ਰੁਚਿਤ ਹੋਣਾਂ ਪੰਜਾਬ ਲਈ ਹਾਨੀਕਾਰਕ ਹੈ।ਇਸ ਨਾਲ ਮਨੁੱਖੀ ਜ਼ਿੰਦਗੀ ਉਸਾਰੂ ਕੰਮਾਂ ਵਿੱਚ ਲੱਗਣ ਦੀ ਥਾਂ ਅਜਾਈ ਜਾ ਰਹੀ ਹੈ।ਜਿਹੜਾ ਇੱਕ ਵਾਰ ਇਸਦਾ ਸ਼ਿਕਾਰ ਹੋ ਗਿਆ ਉਸ ਦਾ ਇਸ ਵਿਚੋਂ ਨਿਕਲਣਾ ਮੁਸ਼ਕਲ ਹੈ।ਦੋ-ਚਾਰ ਸਾਲਾਂ ਪਿੱਛੋਂ ਉਹ ਸਿਵਿਆਂ ਵਿੱਚ ਚਲਾ ਜਾਂਦਾ ਹੈ। ਸਾਡੀ ਸਰਕਾਰ ਅਤੇ ਧਾਰਮਿਕ ਆਗੂਆਂ ਨੂੰ ਨੌਜਵਾਨਾਂ ਵਿੱਚ ਨਸ਼ਿਆਂ ਲਈ ਜਿਹੜੀ ਰੁਚੀ ਹੈ ਉਸਨੂੰ ਖਤਮ ਕਰਨ ਲਈ ਛੇਤੀ ਤੋਂ ਛੇਤੀ ਕਦਮ ਚੁੱਕਣੇ ਚਾਹੀਦੇ ਹਨ। ਨੌਜਵਾਨ ਪੀੜ੍ਹੀ ਨੂੰ ਗਿਰਾਵਟ ਦੀ ਹਾਲਤ ਵਿੱਚੋਂ ਬਾਹਰ ਕੱਢਣ ਲਈ ਸਖਤ ਮਿਹਨਤ ਦੀ ਲੋੜ ਹੈ। ਸੋ ਦੋਸਤੋ! ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਭਿਅੰਕਰ ਕੋਹੜ ਤੋਂ ਬਚਾਉਣ ਲਈ ਸਾਰਥਕ ਕਦਮ ਚੁੱਕਣਾ ਹੀ ਪਵੇਗਾ ਤਾਂ ਜੋ ਸਾਡੇ ਨੌਜਵਾਨ ਨਸ਼ਿਆਂ ਤੋਂ ਬਚ ਕੇ ਕੁਝ ਅਜਿਹਾ ਕੰਮ ਕਰ ਸਕਣ ਜਿਸ ਨਾਲ ਸਾਡਾ ਦੇਸ਼ ਤਰੱਕੀ ਦੇ ਆਖਰੀ ਪੜਾਅ ਤੱਕ ਪੁੱਜ ਜਾਵੇ ਤੇ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਤੇ ਮਾਣ ਕਰ ਸਕਣ ਤੇ ਅਸੀਂ ਆਪ ਵੀ ਸੋਹਣਾ ਤੇ ਸਿਹਤਮੰਦ ਜੀਵਨ ਜਿਊਂ ਸਕੀਏ।"ਪੰਜ ਦਰਿਆਵਾਂ ਦੀ ਧਰਤੀ ਤੇ ਗੁਰੂ ਨਾਨਕ ਦੀ ਬਾਣੀ ਸੱਚ, ਨਰਕ ਬਰਾਬਰ ਬਣ ਜਾਏ ਜ਼ਿੰਦਗੀ ਨਸ਼ਿਆਂ ਨੂੰ ਜੋ ਲਾਉਂਦੇ ਹੱਥ"।




## ਅਲਬਰਟਾ ਵਿੱਚ ਜੇਸਨ ਕੇਨੀ ਦੀ ਯੂਸੀਪੀ ਨੇ ਦਰਜ ਕਰਵਾਈ ਵੱਡੀ ਜਿੱਤ

...ਪੰਨਾ 1 ਦਾ ਬਾਕੀ

ਜਦੋਂ ਕੇਨੀ ਦੇ ਸਮਰਥਕਾਂ ਨੇ "ਪਾਈਪ ਦਾ ਨਿਰਮਾਣ ਕਰੋ" ਦੇ ਨਾਅਰੇ ਲਾਏ ਤਾਂ ਉਨ੍ਹਾਂ ਥੋੜ੍ਹੀ ਸੋਧ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ "ਸਾਰੀਆਂ ਪਾਈਪਲਾਈਨਜ਼ ਦਾ ਨਿਰਮਾਣ ਕਰੋ" ਕਹਿਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਨੇ ਅਲਬਰਟਾ ਦੇ ਅਰਥਚਾਰੇ ਦੁਆਲੇ ਜਿਹੜੀ ਲਾਲ ਫੀਤਾਸ਼ਾਹੀ ਦੀ ਟੇਪ ਵਲ੍ਹੇਟੀ ਹੈ ਅਸੀਂ ਉਸ ਨੂੰ ਕੱਟ ਦੇਵਾਂਗੇ ਤੇ ਕੈਨੇਡਾ ਭਰ ਵਿੱਚ ਸਾਡੀ ਯੂਸੀਪੀ ਸਰਕਾਰ ਦੀਆਂ ਟੈਕਸ ਦਰਾਂ ਸੱਭ ਤੋਂ ਘੱਟ ਹੋਣਗੀਆਂ। ਕੇਨੀ ਨੇ ਤਹੱਈਆ ਪ੍ਰਗਟਾਉਂਦਿਆਂ ਆਖਿਆ ਕਿ ਜਿਸ ਕਿਸੇ ਨੇ ਅਲਬਰਟਾ ਦੀ ਤੇਲ ਤੇ ਗੈਸ ਸਨਅਤ ਦਾ ਵਿਰੋਧ ਕੀਤਾ ਹੈ ਅਸੀਂ ਉਸ ਖਿਲਾਫ ਜੰਗ ਦਾ ਬਿਗਲ ਵਜਾਵਾਂਗੇ। ਉਨ੍ਹਾਂ ਆਖਿਆ ਕਿ ਅਸੀਂ ਆਪਣੇ ਆਪ ਲਈ, ਆਪਣੇ ਰੋਜ਼ਗਾਰ ਤੇ ਆਪਣੇ ਭਵਿੱਖ ਲਈ ਖੜ੍ਹੇ ਹੋਵਾਂਗੇ। ਅੱਜ ਤੋਂ ਅਸੀਂ ਅਲਬਰਟਾ ਵਾਸੀ ਖੁਦ ਲਈ ਲੜਾਈ ਸ਼ੁਰੂ ਕਰਾਂਗੇ। ਇਸ ਮੌਕੇ ਨੌਟਲੇ ਨੇ ਵੀ ਕੇਨੀ ਨੂੰ ਵਧਾਈ ਦਿੱਤੀ ਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਕੇਨੀ ਦੀ ਇਹ ਜਿੱਤ ਟਰੂਡੋ ਲਈ ਵੀ ਵੱਡੀ ਸਿਰਦਰਦੀ ਬਣ ਸਕਦੀ ਹੈ। ਟਰੂਡੋ ਇਸ ਸਾਲ ਦੇ ਅੰਤ ਵਿੱਚ (ਅਕਤੂਬਰ ਵਿੱਚ) ਹੋਣ ਜਾ ਰਹੀਆਂ ਫੈਡਰਲ ਚੋਣਾਂ ਵਿੱਚ ਮੁੜ ਹਿੱਸਾ ਲੈਣ ਜਾ ਰਹੇ ਹਨ। ਕੇਨੀ ਨੇ ਇਹ ਵੀ ਆਖਿਆ ਕਿ ਸੱਭ ਤੋਂ ਪਹਿਲਾਂ ਉਹ ਕਾਰਬਨ ਟੈਕਸ ਨੂੰ ਖਤਮ ਕਰਨਗੇ ਤੇ ਕਲਾਈਮੇਟ ਚੇਂਜ ਦੀ ਆਪਣੀ ਯੋਜਨਾ ਲਈ ਫੈਡਰਲ ਸਰਕਾਰ ਖਿਲਾਫ ਕੇਸ ਕਰਨਗੇ।

## ਕੇਨੀ ਦੀ ਜਿੱਤ ਤੋਂ ਟਰੂਡੋ ਘਬਰਾਏ ?

...ਪੰਨਾ 1 ਦਾ ਬਾਕੀ

ਹੁਣ ਟਰੂਡੋ ਨੂੰ ਆਪਣੇ ਇੱਕ ਹੋਰ ਪ੍ਰੋਵਿੰਸ਼ੀਅਲ ਵਿਰੋਧੀ ਦਾ ਸਾਹਮਣਾ ਕਰਨਾ ਹੋਵੇਗਾ।ਹੁਣ ਟਰੂਡੋ ਨੂੰ ਆਪਣੇ ਇੱਕ ਹੋਰ ਪ੍ਰੋਵਿੰਸ਼ੀਅਲ ਵਿਰੋਧੀ ਦਾ ਸਾਹਮਣਾ ਕਰਨਾ ਹੋਵੇਗਾ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੇਨੀ ਦੀ ਜਿੱਤ ਦਾ ਟਰੂਡੋ ਦੀ ਕੌਮੀ ਕੈਂਪੇਨ ਉੱਤੇ ਵੀ ਅਸਰ ਪਵੇਗਾ। ਟਰੂਡੋ ਨੇ ਆਖਿਆ ਕਿ ਕੈਨੇਡੀਅਨਾਂ ਕੋਲ ਜਿਹੜੇ ਬਦਲ ਹਨ ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਉਹ ਜਾਣਦੇ ਹਨ ਕਿ ਜੇ ਉਹ ਪੂਰੇ ਵਿਸ਼ਵਾਸ ਨਾਲ ਅੱਗੇ ਵੱਧਣਗੇ ਤਾਂ ਕਿਸੇ ਵੀ ਵੱਡੀ ਚੁਣੌਤੀ ਦਾ ਰਲ ਕੇ ਸਾਹਮਣਾ ਕਰ ਸਕਦੇ ਹਨ। ਸਕਾਰਾਤਮਕ ਰਹਿ ਕੇ ਤੇ ਧਿਆਨ ਕੇਂਦਰਿਤ ਕਰਨ ਦੇ ਨਾਲ ਨਾਲ ਵੱਡੀ ਤੋਂ ਵੱਡੀ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ।

ਇਸ ਤੋਂ ਅੱਗੇ ਟਰੂਡੋ ਨੇ ਆਖਿਆ ਕਿ ਇਨ੍ਹਾਂ ਵੱਡੀਆਂ ਸਮੱਸਿਆਵਾਂ ਵਿੱਚੋਂ ਇੱਕ ਹੈ ਕਲਾਇਮੇਟ ਚੇਂਜ। ਅਲਬਰਟਾ ਦੇ ਨਵੇਂ ਪ੍ਰੀਮੀਅਰ ਬਣਨ ਜਾ ਰਹੇ ਕੇਨੀ ਨੂੰ ਵਧਾਈ ਦਿੰਦਿਆਂ ਟਰੂਡੋ ਨੇ ਆਖਿਆ ਕਿ ਉਹ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਵਰਗੇ ਮੁੱਦੇ ਨੂੰ ਵੀ ਕੇਨੀ ਨਾਲ ਵਿਚਾਰਨਾ ਚਾਹੁੰਦੇ ਹਨ। ਪਰ ਵਾਤਾਵਰਣ ਸਬੰਧੀ ਮੁੱਦਿਆਂ ਉੱਤੇ ਦੋਵਾਂ ਆਗੂਆਂ ਦੀ ਜੋ ਵੱਖ ਵੱਖ ਰਾਇ ਹੈ ਤੇ ਅਲਬਰਟਾ ਦੇ ਊਰਜਾ ਖੇਤਰ ਦੀ ਇਸ ਸਮੇਂ ਜਿਹੜੀ ਸਥਿਤੀ ਹੈ ਉਹ ਬਹੁਤ ਫਰਕ ਹੈ। ਇਸ ਮੁੱਦੇ ਉੱਤੇ ਜਲਦ ਹੀ ਦੋਵੇਂ ਆਗੂ ਬਹਿਸਦੇ ਨਜ਼ਰ ਆ ਸਕਦੇ ਹਨ।

ਜਿੱਤ ਤੋਂ ਬਾਅਦ ਆਪਣੇ ਸਮਰਥਕਾਂ ਨੂੰ ਮੰਗਲਵਾਰ ਰਾਤ ਕੇਨੀ ਨੇ ਇਹੋ ਵਾਅਦਾ ਕੀਤਾ ਕਿ ਪ੍ਰੀਮੀਅਰ ਬਣਨ ਤੋਂ ਬਾਅਦ ਸੱਭ ਤੋਂ ਪਹਿਲਾਂ ਉਹ ਐਨਡੀਪੀ ਦੇ ਕਾਰਬਨ ਟੈਕਸ ਨੂੰ ਮਨਸੂਖ ਕਰਨਗੇ। ਇਸ ਦੇ ਨਾਲ ਹੀ ਉਹ ਉਨ੍ਹਾਂ ਸਾਰੇ ਕੰਜ਼ਰਵੇਟਿਵ ਪ੍ਰੀਮੀਅਰਜ਼ ਦੇ ਨਾਲ ਰਲ ਕੇ ਇਸ ਮੁੱਦੇ ਉੱਤੇ ਫੈਡਰਲ ਸਰਕਾਰ ਨੂੰ ਅਦਾਲਤ ਵਿੱਚ ਘੜੀਸਣਗੇ। ਇਸ ਤੋਂ ਇਲਾਵਾ ਕੇਨੀ ਨੇ ਪਾਈਪਲਾਈਨਾਂ ਦੇ ਨਿਰਮਾਣ ਦੀ ਖਿਲਾਫਤ ਕਰਨ ਵਾਲਿਆਂ ਖਿਲਾਫ ਜੰਗ ਵਿੱਢਣ ਤੇ ਉਨ੍ਹਾਂ ਨੂੰ ਅਦਾਲਤ ਵਿੱਚ ਇਸ ਬਾਰੇ ਚੁਣੌਤੀ ਦੇਣ ਦਾ ਐਲਾਨ ਵੀ ਕੀਤਾ। ਦੂਜੇ ਪਾਸੇ ਟਰੂਡੋ ਤੇ ਫੈਡਰਲ ਲਿਬਰਲ ਸਰਕਾਰ ਵਾਤਾਵਰਣ ਸਬੰਧੀ ਦੋਸਤਾਨਾਂ ਨੀਤੀਆਂ ਨੂੰ ਆਰਥਿਕ ਮੌਕੇ ਦੱਸ ਕੇ ਅਪਨਾਉਣ ਲਈ ਹੋਰਨਾਂ ਪ੍ਰੋਵਿੰਸਾਂ ਉੱਤੇ ਦਬਾਅ ਪਾ ਰਹੀ ਹੈ। ਹਾਲਾਂਕਿ ਅਲਬਰਟਾ ਤੇ ਬੀਸੀ ਦੇ ਰੌਲੇ ਵਿੱਚ ਫਸ ਕੇ ਟਰਾਂਸ ਮਾਊਨਟੇਨ ਪਾਈਪਲਾਈਨ ਖਰੀਦਣ ਲਈ ਕਈ ਬਿਲੀਅਨ ਡਾਲਰ ਖਰਚਣ ਕਾਰਨ ਮੂਲਵਾਸੀਆਂ ਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਟਰੂਡੋ ਸਰਕਾਰ ਦੀ ਨਿਖੇਧੀ ਵੀ ਕੀਤੀ ਜਾ ਚੁੱਕੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਨਿਊਫਾਊਂਡਲੈਂਡ ਦੇ ਪ੍ਰੀਮੀਅਰ ਨੇ 16 ਮਈ ਨੂੰ ਪ੍ਰੋਵਿੰਸ਼ੀਅਲ ਚੋਣਾਂ ਕਰਵਾਉਣ ਦਾ ਕੀਤਾ ਐਲਾਨ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਬਾਲ ਦੀ ਸਰਕਾਰ ਨੇ ਮੰਗਲਵਾਰ ਨੂੰ ਸਕਾਰਾਤਮਕ ਬਜਟ ਪੇਸ਼ ਕੀਤਾ ਸੀ, ਜਿਸ ਵਿੱਚ ਨਾਮਾਤਰ ਘਾਟਾ, ਇਨਫਰਾਸਟ੍ਰਕਚਰ ਉੱਤੇ 600 ਮਿਲੀਅਨ ਡਾਲਰ ਖਰਚਣਾ ਤੇ ਟੈਕਸਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਤਾਜ਼ਾ ਸਰਵੇਖਣਾ ਤੋਂ ਸਾਹਮਣੇ ਆਇਆ ਹੈ ਕਿ ਇਸ ਵਾਰੀ ਲਿਬਰਲਾਂ ਦਾ ਸਿੱਧਾ ਤੇ ਜ਼ਬਰਦਸਤ ਮੁਕਾਬਲਾ ਟੋਰੀਜ਼ ਨਾਲ ਹੋ ਸਕਦਾ ਹੈ। ਲਿਬਰਲਾਂ ਨੇ 2015 ਵਿੱਚ ਲੰਮੇਂ ਸਮੇਂ ਤੋਂ ਇੱਥੇ ਰਾਜ ਕਰਨ ਵਾਲੇ ਟੋਰੀਜ਼ ਨੂੰ ਹਰਾ ਕੇ ਸੱਤਾ ਸਾਂਭੀ ਸੀ ਪਰ ਬਾਲ ਸਰਕਾਰ ਨੂੰ ਮਾੜੀ ਵਿੱਤੀ ਸਥਿਤੀ ਕਾਰਨ ਲੋਹੇ ਦੇ ਚਨੇ ਚਬਾਉਣੇ ਪਏ। ਸਰਕਾਰ ਨੂੰ ਵਿੱਤੀ ਸਥਿਤੀ ਨੂੰ ਲੀਹ ਉੱਤੇ ਲਿਆਉਣ, ਹੈਲਥ ਕੇਅਰ ਉੱਤੇ ਹੋਣ ਵਾਲੇ ਖਰਚ ਨਾਲ ਨਜਿੱਠਣ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਛੱਡ ਕੇ ਹੋਰਨਾਂ ਥਾਂਵਾਂ ਉੱਤੇ ਜਾ ਕੇ ਵੱਸ ਰਹੇ ਲੋਕਾਂ ਦੇ ਨਾਲ ਨਾਲ ਤੇਜ਼ੀ ਨਾਲ ਉਮਰਦਰਾਜ਼ ਹੋ ਰਹੀ ਆਪਣੀ ਆਬਾਦੀ ਵਰਗੀਆਂ ਸਮੱਸਿਆਵਾਂ ਨਾਲ ਦੋ ਦੋ ਹੱਥ ਕਰਨੇ ਪਏ। ਪ੍ਰੋਵਿੰਸ਼ੀਅਲ ਚੋਣਾਂ ਵੈਸੇ ਤਾਂ ਅਕਤੂਬਰ ਵਿੱਚ ਕਰਵਾਈਆਂ ਜਾਣੀਆਂ ਸਨ ਪਰ ਪ੍ਰੀਮੀਅਰ ਨੇ ਇਹ ਚੋਣਾਂ ਹੁਣ ਜਲਦ ਕਰਵਾਉਣ ਦਾ ਮਨ ਬਣਾਇਆ ਹੈ। ਵਿਧਾਨ ਸਭਾ ਭੰਗ ਕੀਤੇ ਜਾਣ ਸਮੇਂ ਤੱਕ ਇੱਥੇ 27 ਲਿਬਰਲ, ਅੱਠ ਟੋਰੀਜ਼, ਦੋ ਐਨਡੀਪੀ ਐਮਪੀਪੀ ਤੇ ਤਿੰਨ ਆਜ਼ਾਦ ਮੈਂਬਰ ਹਨ।



**A-One Drivers**
**TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਫੀਮੇਲ ਇੰਸਟ੍ਰਕਟਰ

647-998-7500 ਬਲਵਿੰਦਰ


# ਯਾਦਗਾਰੀ ਹੋ ਨਿਬੜੇ ਵੈਨਕੂਵਰ (ਕੈਨੇਡਾ) ਪੁਲਿਸ ਦੇ ਬੈਂਡ ਸ਼ੋਅ

## ਵੈਨਕੂਵਰ ਪੁਲਿਸ ਦੇ ਪਾਇਪ ਬੈਂਡ ਦੀਆਂ ਮਨਮੋਹਕ ਸੰਗੀਤਮਈ ਧੁੰਨਾ ਸੁਣ ਕੇ ਪੰਜਾਬੀ ਅਸ਼-ਅਸ਼ ਕਰ ਉਠੇ







ਬੈਂਡ ਵਾਜਾ ਇੱਕ ਅਜਿਹੀ ਸੰਗੀਤ ਕਲਾ ਹੈ । ਜਿਸ ਦੀਆਂ ਧੁੰਨਾਂ ਸੁਣਨ ਨਾਲ ਮਨ-ਚਿੱਤ ਵਿਚ ਪ੍ਰਸੰਨਤਾ ਹੀ ਨਹੀਂ ਜਾਗਦੀ ਬਲਕਿ ਮਨੁੱਖ ਅੰਦਰ ਇਕ ਨਵਾਂ ਜੋਸ਼ ਤੇ ਜ਼ਜ਼ਬਾ ਵੀ ਪੈਂਦਾ ਹੁੰਦਾ ਹੈ, ਖਾਸ ਕਰਕੇ ਫੌਜ਼ੀ/ਪੁਲਿਸ ਬੈਂਡ ਦੀ ਆਪਣੀ ਇੱਕ ਅਲੱਗ ਹੀ ਪਹਿਚਾਣ ਹੈ । ਸੰਸਾਰ ਦੇ ਲਗਭਗ ਸਾਰੇ ਮੁਲਕਾ ਨੇ ਆਪਣੀਆਂ ਰੱਖਿਆ ਸੈਨਾਵਾਂ ਦੇ ਨਾਲ-ਨਾਲ ਵਿਸ਼ੇਸ਼ ਤੌਰ ਤੇ ਆਪਣੀਆਂ ਬੈਂਡ ਟੀਮਾਂ ਵੀ ਬਣਾਇਆ ਹਨ ਤਾਂ ਜੋ ਦੇਸ਼ ਦੀ ਰੱਖਿਆ ਲਈ ਡਿਊਟੀ ਕਰ ਰਹੇ ਜਵਾਨਾਂ ਦੇ ਮਨਾਂ ਅੰਦਰ ਦੇਸ਼ ਭਗਤੀ, ਅਨੁਸ਼ਾਸਨ 'ਤੇ ਸੂਰਬੀਰਤਾ ਦਾ ਜ਼ਜ਼ਬਾਂ ਪੈਂਦਾ ਕਰਦਿਆ ਉਨ੍ਹਾਂ ਦਾ ਸੰਗੀਤਕ ਮਨੋਰੰਜਨ ਵੀ ਕੀਤਾ ਜਾ ਸਕੇ । ਸਾਡੇ ਦੇਸ਼ ਦੀਆਂ ਤਿੰਨੋ ਪ੍ਰਮੁੱਖ ਸੈਨਾਵਾਂ ਨਾਲ ਸਬੰਧਤ ਵੱਖ-ਵੱਖ ਰੈਂਜੀਮੈਂਟਾ ਦੀਆਂ ਜਿੱਥੇ ਆਪਣੀਆ ਸ਼ਾਨਦਾਰ ਪਾਇਪ ਤੇ ਬਰਾਸ ਬੈਂਡ ਟੀਮਾਂ ਹਨ, ਉੱਥੇ ਦੇਸ਼ ਦੇ ਕੇਂਦਰੀ ਪੁਲਿਸ ਬਲਾ ਤੇ ਵੱਖ-ਵੱਖ ਸੂਬਿਆ ਦੀ ਪੁਲਿਸ ਵੱਲੋਂ ਵੀ ਆਪੋ-ਆਪਣੀਆ ਬੈਂਡ ਟੀਮਾਂ ਬਹੁਤ ਸੁਚੱਜੇ ਢੰਗ ਨਾਲ ਬਣਾਈਆ ਹੋਇਆਂ ਹਨ । ਜੋ ਕਿ ਬਹੁਤਾ ਕਰਕੇ ਸਰਕਾਰੀ ਸਮਾਗਮਾਂ ਅੰਦਰ ਹੀ ਆਪਣੀ ਉੱਤਮ ਸੰਗੀਤ ਕਲਾ ਦਾ ਪ੍ਰਦਰਸ਼ਨ ਕਰਦੀਆਂ ਹਨ । ਜਿਸ ਕਰਕੇ ਆਮ ਲੋਕਾਂ ਦੇ ਮਨਾਂ ਅੰਦਰ ਹਮੇਸ਼ਾ ਤਾਂਘ ਬਣੀ ਰਹਿੰਦੀ ਹੈ ਕਿ ਉਨ੍ਹਾਂ ਨੂੰ ਵੀ ਰੰਗ-ਬਿਰੰਗੀਆਂ ਸੁਦੰਰ ਡਰੈਸਾ ਵਿਚ ਤਿਆਰ-ਬਰ-ਤਿਆਰ ਫੌਜੀ ਤੇ ਪੁਲਿਸ ਜਵਾਨਾਂ ਦੀਆਂ ਬੈਂਡ ਟੀਮਾਂ ਨੂੰ ਦੇਖਣ 'ਤੇ ਉਨ੍ਹਾਂ ਵੱਲੋਂ ਪਾਇਪ ਤੇ ਬਰਾਸ ਬੈਂਡ ਰਾਹੀ ਵਜਾਈਆ ਜਾਂਦੀਆ ਮਨਮੋਹਕ ਸੰਗੀਤਮਈ ਧੁੰਨਾ ਸੁਣਨ ਨੂੰ ਮਿਲਣ ਪਰ ਇਹ ਸੁਭਾਗ ਉਹਨਾਂ ਨੂੰ ਕਦੇ-ਕਦਾਈ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਸਾਡੇ ਦੇਸ਼ ਅੰਦਰ ਵਿਦੇਸ਼ਾਂ ਦੇ ਮੁਕਾਬਲੇ ਬੈਂਡ ਸ਼ੋਅ ਬਹੁਤ ਘੱਟ ਅਯੋਜਿਤ ਕੀਤੇ ਜਾਂਦੇ ਹਨ। ਪਰ ਪੰਜਾਬ ਦੇ ਲੋਕਾਂ ਨੂੰ ਵੀ ਪਿਛਲੇ ਦਿਨੀ ਇਹ ਵੱਡਾ ਸੁਭਾਗ ਪ੍ਰਾਪਤ ਹੋ ਹੀ ਗਿਆ, ਜਦੋਂ ਦੇਸ਼ ਦਾ ਹੀ ਨਹੀਂ ਬਲਕਿ ਦੁਨੀਆਂ ਦੇ ਸਭ ਤੋਂ ਪੁਰਾਣੇ ਵੈਨਕੂਵਰ (ਕੈਨੇਡਾ) ਪੁਲਿਸ ਦੇ ਪਾਈਪ ਬੈਂਡ ਦੀ ਟੀਮ ਦਾ ਦਿਲਕਸ਼ ਤੇ ਦਮਦਾਰ ਪ੍ਰਦਰਸ਼ਨ ਉਹਨਾਂ ਨੂੰ ਖੁੱਲੇ ਰੂਪ (ਚ ਦੇਖਣ ਨੂੰ ਮਿਲਿਆ । ਜਲ੍ਹਿਆਂਵਾਲਾ ਬਾਗ ਦੇ ਸ਼ਤਾਬਦੀ ਸਮਾਗਮ ਅੰਦਰ ਭਾਗ ਲੈਣ ਦੇ ਨਾਲ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਅੰਮ੍ਰਿਤਸਰ ਮਾਲ, ਜੰਗ-ਏ-ਅਜ਼ਾਦੀ ਯਾਦਗਾਰ ਕਰਤਾਰਪੁਰ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹ ਕਲੇਰਾਂ (ਬੰਗਾ) ਅਤੇ ਚੰਡੀਗੜ੍ਹ ਵਿਖੇ ਵਿਸ਼ੇਸ਼ ਤੌਰ ਤੇ ਵੈਨਕੂਵਰ ਪੁਲਿਸ ਪਾਈਪ ਬੈਂਡ ਬੋਰਡ ਦੇ ਮੈਂਬਰ ਸ਼੍ਰੀ ਬਰਜਿੰਦਰ ਸਿੰਘ ਢਾਹਾ ਦੀ ਅਗਵਾਈ ਹੇਠ ਪੁੱਜੇ 34 ਮੈਂਬਰੀ ਪਾਈਪ ਬੈਂਡ ਟੀਮ ਦੇ ਮੈਂਬਰਾਂ ਨੇ ਜਿੱਥੇ ਆਪਣੀ ਜ਼ੋਰਦਾਰ ਬੈਂਡ ਕਲਾ ਦੀਆ ਸੰਗੀਤਮਈ ਧੁੰਨਾਂ ਦੇ ਨਾਲ ਦਰਸ਼ਕਾ ਦਾ ਮਨ ਮੋਹ ਲਿਆ ਉਥੇ ਨਾਲ ਹੀ ਆਪਣੇ ਰਵਾਇਤੀ ਸਭਿੱਆਚਾਰ ਦੀ ਪੇਸ਼ਕਾਰੀ ਕਰਕੇ ਪੰਜਾਬੀਆ ਨੂੰ ਮੰਤਰ-ਮੁੰਗਧ ਕਰਨ ਵਿੱਚ ਆਪਣੀ ਕੋਈ ਕਸਰ ਬਾਕੀ ਨਾ ਛੱਡੀ । ਕੈਨੇਡਾ ਅਤੇ ਭਾਰਤ ਦਰਮਿਆਨ ਆਪਸੀ ਰਿਸ਼ਤਿਆਂ ਦੀ ਪਿਆਰ ਭਰੀ ਤੰਦ ਨੂੰ ਹੋਰ ਮਜਬੂਤ ਕਰਨ 'ਤੇ ਦੋਹਾਂ ਮੁਲਕਾ ਦੇ ਸੱਭਿਆਚਾਰਕ ਅਦਾਨ-ਪ੍ਰਦਾਨ ਦੀ ਲੜੀ ਨੂੰ ਅੱਗੇ ਵਧਾਉਣ ਦੇ ਮਨੋਰਥ ਨਾਲ ਵੈਨੂਕਵਰ ਪੁਲਿਸ ਪਾਈਪ ਬੈਂਡ ਦੀ ਟੀਮ ਨੂੰ ਉਚੇਚੇ ਤੋਰ ਤੇ ਭਾਰਤ ਖਾਸ ਕਰਕੇ ਪੰਜਾਬ ਦੀ ਧਰਤੀ ਤੇ ਲੈ ਕੇ ਆਉਣ ਵਾਲੇ ਪੰਜਾਬੀ ਸਪੂਤ ਸ਼੍ਰੀ ਬਰਜਿੰਦਰ ਸਿੰਘ ਢਾਹਾ (ਮੈਂਬਰ ਵੈਨਕੂਵਰ ਪੁਲਿਸ ਪਾਈਪ ਬੈਂਡ ਬੋਰਡ) ਨਾਲ ਕੀਤੀ ਗਈ ਵਿਸ਼ੇਸ਼ ਮੁਲਾਕਾਤ ਦੌਰਾਨ ਉਹਨਾਂ ਨੇ ਦੱਸਿਆ ਕਿ ਸਮੁੱਚੇ ਸੰਸਾਰ ਅੰਦਰ ਵੈਨਕੂਵਰ (ਕੈਨੇਡਾ) ਪੁਲਿਸ ਪਾਈਪ ਬੈਂਡ ਆਪਣੀ ਦਮਦਾਰ ਪੇਸ਼ਕਾਰੀ ਕਰਕੇ ਜਾਣਿਆ ਜਾਂਦਾ ਹੈ, ਕਿਉਂਕਿ ਉਕਤ ਬੈਂਡ 1914 ਤੋਂ ਲਗਾਤਾਰ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੇ ਲੋਕਾਂ ਦਾ ਮਨੋਰੰਜਨ ਕਰਦਾ ਆ ਰਿਹਾ ਹੈ । ਸ਼੍ਰੀ ਢਾਹਾ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਸੰਨ 2014 ਵਿੱਚ ਇਸ ਬੈਂਡ ਟੀਮ ਨੇ ਆਪਣਾ ਸ਼ਤਾਬਦੀ ਵਰਾ ਬੜੀ ਧੂਮਧਾਮ ਨਾਲ ਮਨਾਇਆ ਅਤੇ ਆਪਣੇ ਬੈਂਡ ਕਲਾ ਨੂੰ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਲਈ ਸਮੁੱਚੇ ਵਿਸ਼ਵ ਦਾ ਦੌਰਾ ਵੀ ਕਰ ਰਿਹਾ ਹੈ । ਇਸ ਦੌਰਾਨ ਵੈਨਕੂਵਰ ਪੁਲਿਸ ਵਿਭਾਗ ਦੇ ਚੀਫ ਐਨਥਨੀ ਐਡਮ ਪਾਲਮਰ ਤੇ ਡਿਪਟੀ ਚੀਫ ਸਟੀਵ ਰਾਏ ਨੇ ਆਪਣੀ ਗੱਲਬਾਤ ਦੌਰਾਨ ਦੱਸਿਆ ਕਿ ਵੈਨਕੂਵਰ ਪੁਲਿਸ ਪਾਈਪ ਬੈਂਡ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵੈਨਕੂਵਰ ਵਿਖੇ ਆਯੋਜਿਤ ਕੀਤੀ ਜਾਣ ਵਾਲੀ ਖਾਲਸਾ ਪ੍ਰੇਡ ਦਾ ਵੀ ਹਿੱਸਾ ਬਣਦਾ ਹੈ । ਉਹਨਾਂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਭਾਰਤ ਦੌਰੇ ਦੌਰਾਨ ਸਾਡੀ ਬੈਂਡ ਟੀਮ ਦੇ ਮੈਂਬਰਾਂ ਨੂੰ ਜੋ ਮਾਣ ਤੇ ਸਤਿਕਾਰ ਪੰਜਾਬੀਆ ਨੇ ਦਿੱਤਾ ਹੈ ਉਸਨੂੰ ਅਸੀਂ ਸਾਰੀ ਜਿੰਦਗੀ ਨਹੀਂ ਭੁੱਲਾ ਸਕਾਂਗੇ । ਸਟੀਵ ਰਾਏ ਨੇ ਆਪਣੀ ਗੱਲਬਾਤ ਦੌਰਾਨ ਇਹ ਵੀ ਦੱਸਿਆ ਕਿ ਬੈਂਡ ਟੀਮ ਅੰਦਰ ਸਿੱਖੀ ਸਰੂਪ ਵਾਲਾ ਮੈਂਬਰ ਸੁੱਖ ਸੰਗਰ ਸਿੰਘ ਦਰਸ਼ਕਾਂ ਦੇ ਲਈ ਮੁੱਖ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ, ਕਿਉਂਕਿ ਉਹ ਬੈਂਡ ਟੀਮ ਦੇ ਅੰਦਰ ਸਾਈਡ ਡਰੰਮ ਦੇ ਨਾਲ ਨਾਲ ਪੰਜਾਬੀ ਲੋਕ ਸਾਜ਼ ਢੋਲ ਵਜਾਉਣ ਦੀ ਵੀ ਖੂਬਸੂਰਤ ਪੇਸ਼ਕਾਰੀ ਕਰਦਾ ਹੈ । ਆਪਣੀ ਗੱਲਬਾਤ ਦੌਰਾਨ ਇੱਕ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆ ਹੋਇਆ ਸ਼੍ਰੀ ਬਰਜਿੰਦਰ ਸਿੰਘ ਢਾਹਾ ਨੇ ਕਿਹਾ ਕਿ ਕੈਨੇਡਾ ਅਤੇ ਯੂਰਪੀਅਨ ਦੇਸ਼ਾਂ ਵਾਂਗ ਭਾਰਤ ਅੰਦਰ ਵੀ ਵੱਡੇ ਪੱਧਰ ਤੇ ਬੈਂਡ ਸ਼ੋਆਂ ਦਾ ਆਯੋਜਨ ਕਰਨ ਲਈ ਸਥਾਨਕ ਸਰਕਾਰਾਂ ਅਤੇ ਸੱਭਿਆਚਾਰ ਤੇ ਲੋਕ ਕਲਾਵਾਂ ਨੂੰ ਉਤਸ਼ਾਹਿਤ ਕਰਨ ਵਾਲੀਆ ਸੁਸਾਇਟੀਆ ਨੂੰ ਵੀ ਆਪਣੇ ਤੌਰ ਤੇ ਸਾਰਥੱਕ ਉਪਰਾਲੇ ਕਰਨੇ ਚਾਹੀਦੇ ਹਨ, ਤਾਂ ਕਿ ਸਥਾਨਕ ਲੋਕਾਂ ਅੰਦਰ ਵੀ ਬੈਂਡ ਕਲਾਂ ਪ੍ਰਤੀ ਹੋਰ ਪਿਆਰ ਤੇ ਉਤਸ਼ਾਹ ਪੈਦਾ ਹੋ ਸਕੇ । ਉਹਨਾਂ ਨੇ ਕਿਹਾ ਕਿ ਉਕਤ ਬੈਂਡ ਸ਼ੋਅ ਆਪਸੀ ਭਾਈਚਾਰਾ ਵਧਾਉਣ, ਦੇਸ਼ ਭਗਤੀ, ਅਨੁਸ਼ਾਸ਼ਨ ਦਾ ਜਜ਼ਬਾ ਪੈਂਦਾ ਕਰਨ ਵਿੱਚ ਆਪਣਾ ਅਹਿਮ ਰੋਲ ਅਦਾ ਕਰ ਸਕਦੇ ਹਨ । ਉਹਨਾਂ ਨੇ ਇਹ ਵੀ ਵਾਅਦਾ ਕੀਤਾ ਕਿ ਸਾਰਾਗੜ੍ਹੀ ਫਾਊਡੇਸ਼ਨ ਵੱਲੋਂ ਬੈਟਲ ਆਫ ਸਾਰਾਗੜ੍ਹੀ ਦੀ ਮਨਾਈ ਜਾਣ ਵਾਲੀ 125 ਵੀਂ ਵਰੇਂ ਗੰਢ ਸਮਾਗਮ ਦੌਰਾਨ ਵੈਨਕੂਵਰ ਪੁਲਿਸ ਪਾਈਪ ਬੈਂਡ ਦੀ ਟੀਮ ਸੰਗੀਤਕ ਧੁੰਨਾ ਦੀ ਮਨਮੋਹਕ ਪੇਸ਼ਕਾਰੀ ਕਰਨ ਲਈ ਉਚੇਚੇ ਤੌਰ ਤੇ ਪੁੱਜੇਗੀ । ਸੋ ਕੁੱਲ ਮਿਲਾ ਕੇ ਵੈਨਕੂਵਰ (ਕੈਨੇਡਾ) ਪੁਲਿਸ ਦੇ ਪਾਈਪ ਬੈਂਡ ਵੱਲੋਂ ਵੱਖ-ਵੱਖ ਅਸਥਾਨਾਂ ਤੇ ਆਯੋਜਿਤ ਕੀਤੇ ਗਏ ਬੈਂਡ ਸ਼ੋਅ ਯਾਦਗਾਰੀ ਬੈਂਡ ਸ਼ੋਅ ਹੋ ਨਿਬੜੇ । ਜਿਨ੍ਹਾਂ ਨੂੰ ਪੰਜਾਬ ਦੇ ਨਿਵਾਸੀ ਲੰਮੇ ਸਮੇਂ ਤੱਕ ਯਾਦ ਰੱਖਣਗੇ ।

ਆਰ.ਐਸ. ਖਾਲਸਾ
M : 84372-00728
E-mail : khalsatimes@gmail.com


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing**
**For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਭਾਰਤ ਅੰਦਰ ਇਕ ਹੋਰ ਭਾਰਤ

ਬਲਦੇਵ ਸਿੰਘ (ਸੜਕਨਾਮਾ)

ਸਾਡੀਆਂ ਗੱਡੀਆਂ (ਤੇਲ ਟੈਂਕਰ) ਲੋਡ ਸਨ। ਐਤਵਾਰ ਦਾ ਦਿਨ ਹੋਣ ਕਾਰਨ ਫੈਕਟਰੀ ਬੰਦ ਸੀ। ਮਾਲ ਡਲਿਵਰੀ ਨਾ ਹੋਣ ਕਾਰਨ ਅਸੀਂ ਵਿਹਲੇ ਸਾਂ। ਇਥੇ ਕਲਕੱਤੇ ਵਿੱਚ ਵਿਹਲਿਆਂ ਲਈ ਸਾਡੇ ਪਾਸ ਦੋਸਤਾਂ ਦੀ ਰੁਚੀ ਅਨੁਸਾਰ ਤਿੰਨ ਚਾਰ ਕੰਮ ਹੀ ਹੁੰਦੇ ਸਨ। ਤਾਸ਼ ਖੇਡਣੀ, ਠੇਕੇ ਜਾ ਕੇ ਦਾਰੂ ਪੀਣੀ ਤੇ ਫਿਰ ਜੇ ਮੂਡ ਹੋਵੇ ਤਾਂ ਸੋਨਾ ਗਾਚੀ ਦੀ ਯਾਤਰਾ।

ਮੈਂ ਪਹਿਲੀ ਅਤੇ ਆਖਰੀ ਸਲਾਹ ਰੱਦ ਕਰ ਦਿੱਤੀ ਤੇ ਭਵਾਨੀਪੁਰ ਇਲਾਕੇ ਦੇ ਇਕ ਸਥਾਨਕ ਠੇਕੇ 'ਤੇ ਆ ਗਏ। ਸੂਰਜ ਦਾ ਤਪ ਅਜੇ ਮੱਠਾ ਨਹੀਂ ਸੀ ਹੋਇਆ, ਪਰ ਉਸ ਦਾ ਚਿਹਰਾ ਪਹਿਲਾਂ ਨਾਲੋਂ ਥੱਕਿਆ ਲੱਗਦਾ ਸੀ।

ਕੁਝ ਕੰਮ ਮੁਸ਼ਕੀ ਹਨੇਰਾ ਹੋਏ ਤੋਂ ਹੀ ਚੰਗੇ ਲੱਗਦੇ ਹਨ, ਪਰ ਕਦੇ-ਕਦੇ ਦੁਪਹਿਰਾਂ ਵੀ ਜੀਵਨ ਵਿੱਚ ਰੰਗ ਭਰ ਦਿੰਦੀਆਂ ਹਨ। ਇਸ ਮਹਾਂਨਗਰ ਵਿੱਚ ਇੰਨੀ ਖਲਕਤ ਹੈ, ਜਿੱਧਰ ਜਾਓ, ਮਨੁੱਖੀ ਸਮੁੰਦਰ ਮਿਲਦੇ ਹਨ। ਰੇਲਵੇ ਸਟੇਸ਼ਨਾਂ ਉਪਰ ਜਾ ਕੇ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਰਾਤ ਪੈਣ ਤੱਕ ਸਾਰਾ ਕਲਕੱਤਾ ਖਾਲੀ ਹੋ ਜਾਵੇਗਾ। ਹਸਪਤਾਲਾਂ ਵਿੱਚ ਜਾਓ ਤਾਂ ਲੱਗਦਾ ਹੈ ਇਥੇ ਸ਼ਾਇਦ ਕੋਈ ਵੀ ਤੰਦਰੁਸਤ ਨਹੀਂ। ਸ਼ਮਸ਼ਾਨਘਾਟ ਵਿੱਚ ਮੁਰਦਿਆਂ ਨੂੰ ਸਾੜਨ ਲਈ ਲੰਮੀ ਅਤੇ ਅਕਾਊ ਉਡੀਕ ਕਰਨੀ ਪੈਂਦੀ ਹੈ। ਠੇਕਿਆਂ ਵੱਲ ਜਾਈਏ ਤਾਂ ਜਾਪਦਾ ਹੈ, ਹਰ ਮਨੁੱਖ ਦਾਰੂ ਦਾ ਸ਼ੌਕੀਨ ਹੈ। ਇਸ ਕਰਕੇ ਕਿਸੇ ਵੀ ਖਾਸ ਬੰਦੇ ਨੇ ਬਾਅਦ ਦੁਪਹਿਰ ਠੇਕੇ 'ਤੇ ਆਉਣ ਦਾ ਸਾਡਾ ਨੋਟਿਸ ਨਹੀਂ ਲਿਆ।

ਕਲਕੱਤੇ ਦੇ ਲੋਕਾਂ ਦਾ ਦਾਰੂ ਪੀਣ ਦਾ ਆਪਣਾ ਸੱਭਿਆਚਾਰਕ ਸਲੀਕਾ ਹੈ। ਕਦੇ-ਕਦੇ ਪੰਜਾਬੀਆਂ ਦੇ ਲਲਕਾਰੇ ਭੱਦਰ ਪੁਰਸ਼ ਬੰਗਾਲੀ ਸ਼ਰਾਬੀਆਂ ਦੀ ਅੰਤਰ ਮੁਖਤਾ ਨੂੰ ਜ਼ਰੂਰ ਭੰਗ ਕਰਦੇ ਹਨ। ਉਹ ਆਖਦੇ ਹਨ, 'ਕੀ ਅਮਾਨੁਸ਼ ਬਾਬਾ ਦਾਰੂ ਖੇਤੇ ਜਾਨੀ ਨਾ' (ਇਨ੍ਹਾਂ ਪਸ਼ੂਆਂ ਨੂੰ ਦਾਰੂ ਪੀਣੀ ਨਹੀਂ ਆਉਂਦੀ)। ਅਸੀਂ ਲੋਕ ਉਥੇ ਜਾਂਦੇ ਹੀ 'ਰਿਲੈਕਸ' ਹੋਣ ਹਾਂ। ਇਹ ਗੱਲ ਉਨ੍ਹਾਂ ਦੇ ਸਮਝ ਨਹੀਂ ਆਉਂਦੀ। ਕੁਝ ਅਜਿਹੇ ਭੱਦਰ ਪੁਰਸ਼ ਵੀ ਮਿਲ ਜਾਂਦੇ ਹਨ, ਜਿਨ੍ਹਾਂ ਦੇ ਹੱਥਾਂ ਵਿੱਚ ਮਿੱਟੀ ਦਾ ਭਾਂਡਾ (ਕਸੋਰਾ) ਹੁੰਦਾ ਹੈ। ਜਦੋਂ ਕੋਈ ਵਿਅਕਤੀ ਆਪਣੇ ਬੋਤਲ ਜਾਂ ਅਧੀਆ ਖੋਲ੍ਹੇ, ਇਕ ਹੱਥ ਜਿਸ ਵਿੱਚ ਕਸੋਰਾ ਫੜਿਆ ਹੁੰਦਾ ਹੈ, ਤੁਹਾਡੇ ਵੱਲ ਵਧਦਾ ਹੈ। ਉਹ ਵਿਅਕਤੀ ਮੂੰਹੋਂ ਕੁਝ ਨਹੀਂ ਬੋਲਦਾ, ਪਰ ਚਿਹਰੇ ਦੇ ਪ੍ਰਭਾਵ ਬੋਲਦੇ ਹਨ, 'ਥੋੜ੍ਹੀ ਜਿੰਨੀ ਦਾਰੂ ਇਸ ਵਿੱਚ ਪਾ ਦੇਣਾ।' ਏਦਾਂ ਥੋੜ੍ਹੀ-ਥੋੜ੍ਹੀ ਨਾਲ ਉਹ ਮੁੜਨ ਵੇਲੇ ਤੱਕ ਪੂਰੇ ਸ਼ਰਾਬੀ ਹੋਏ ਹੁੰਦੇ ਹਨ।

ਅਕਸਰ ਅਜਿਹੇ ਠੇਕਿਆਂ ਦੇ ਬਾਹਰ ਕੂੜੇ ਦੇ ਢੇਰ ਹਰ ਵੇਲੇ ਵੇਖਣ ਨੂੰ ਮਿਲਦੇ ਹਨ। ਕਾਰਪੋਰੇਸ਼ਨ ਦੇ ਕਰਮਚਾਰੀ ਭਾਵੇਂ ਰੋਜ਼ ਕੂੜਾ ਚੁੱਕ ਕੇ ਲੈ ਜਾਂਦੇ ਹਨ, ਪਰ ਉਨ੍ਹਾਂ ਦੇ ਜਾਣ ਤੋਂ ਤੁਰੰਤ ਬਾਅਦ ਢੇਰ ਫਿਰ ਲੱਗ ਲੱਗਦਾ ਹੈ। ਠੇਕਿਆਂ ਦੇ ਬਾਹਰ ਇਹ ਜਗ੍ਹਾ ਕਿਸੇ ਨੇ ਸੋਚ ਸਮਝ ਕੇ ਹੀ ਚੁਣੀ ਹੈ। ਸ਼ਰਾਬੀ ਹੋ ਕੇ ਲੋਕ ਆਪਣੇ ਦਿਮਾਗ ਦਾ ਗੰਦ ਬਾਹਰ ਉਗਲਦੇ ਹਨ ਤੇ ਮੁਹੱਲਿਆਂ ਵਾਲੇ ਆਪਣੇ ਘਰਾਂ ਦਾ ਗੰਦ ਇਥੇ ਸੁੱਟਦੇ ਹਨ।

ਜਦੋਂ ਅਸੀਂ ਉਸ ਠੇਕੇ ਤੋਂ ਬਾਹਰ ਆਏ ਤਾਂ ਦੇਖਿਆ, ਸਾਹਮਣੇ ਕੂੜੇ ਦੇ ਢੇਰ ਉਪਰ ਕੁਝ ਕੁੱਤੇ ਤੇ 10-11 ਸਾਲ ਦੀ ਉਮਰ ਦੇ ਕੁਝ ਲੜਕੇ ਢੇਰ ਦੀ ਫੋਲਾ ਫਾਲੀ ਕਰ ਰਹੇ ਸਨ। ਲਾਗੇ ਰੇਹੜੀਆਂ ਸਨ, ਜਿਥੋਂ ਸ਼ਰਾਬੀ, ਮੀਟ ਚਾਂਪ, ਸੀਖ ਕਬਾਬ, ਤਵਾ ਚਿਕਨ ਜਾਂ ਇਹੋ ਜਿਹਾ ਕੁਝ ਹੋਰ ਚਟਪਟਾ ਲੈ ਕੇ ਮੂੰਹ ਦਾ ਜ਼ਾਇਕਾ ਬਦਲਦੇ ਸਨ ਤੇ ਅੱਧ ਪਚੱਧ ਖਾਧਾ, ਚੂੰਡਿਆ ਕੂੜੇ ਦੇ ਢੇਰ ਉਪਰ ਸੁੱਟ ਦਿੰਦੇ ਸਨ। ਕੁੱਤੇ ਤੇ ਬੱਚੇ ਇਕੋ ਵੇਲੇ ਇਨ੍ਹਾਂ ਚੂੰਡੀਆਂ ਚਾਂਪਾਂ ਉਪਰ ਝਪਟਦੇ ਸਨ। ਇਕ ਦੂਸਰੇ ਤੋਂ ਖੋਂਹਦੇ ਸਨ। ਬੱਚੇ ਕੁੱਤਿਆਂ ਵਾਂਗ ਤੇ ਕੁੱਤੇ ਬੰਦਿਆਂ ਵਾਂਗ ਲੜਦੇ ਸਨ। ਸ਼ਰਾਬੀ ਹੋਏ ਲੋਕ ਇਸ ਦਾ ਮਜ਼ਾ ਲੈਂਦੇ ਤੇ ਹੋਰ ਤਮਾਸ਼ਾ ਵੇਖਣ ਲਈ ਅੱਧ ਚੂੰਡੀਆਂ ਚਾਂਪਾਂ ਸੁੱਟਦੇ ਹਨ। ਇਹ ਸਿਲਸਿਲਾ ਠੇਕਾ ਬੰਦ ਹੋਣ ਤੱਕ ਚੱਲਦਾ ਰਹਿੰਦਾ ਹੈ।

ਇੱਧਰ ਪੰਜਾਬ ਵਿੱਚ ਕੁਝ ਨੇਤਾ ਫੈਸ਼ਨ ਵਜੋਂ ਗਰੀਬੀ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਚੋਣਾਂ ਮੌਕੇ ਗਰੀਬਾਂ ਪ੍ਰਤੀ ਅਚਾਨਕ ਹਮਦਰਦੀ ਪੈਦਾ ਹੋ ਜਾਂਦੀ ਹੈ ਤੇ ਉਹ ਗਰੀਬੀ ਦੂਰ ਕਰਨ ਦੇ ਵੱਡੇ-ਵੱਡੇ ਵਾਅਦੇ ਕਰਦੇ ਹਨ। ਇਨ੍ਹਾਂ ਨੇਤਾਵਾਂ ਨੇ ਗਰੀਬੀ ਕਿੱਥੇ ਵੇਖੀ ਹੁੰਦੀ ਹੈ। ਗਰੀਬੀ ਦੇਖਣੀ ਤਾਂ ਬੰਗਾਲ ਦੇ ਪਿੰਡਾਂ ਅਤੇ ਪੂਰੇ ਦੇਸ਼ ਦੀਆਂ ਝੁੱਗੀਆਂ ਝੌਂਪੜੀਆਂ ਵਿੱਚ ਜਾ ਕੇ ਦੇਖੋ। ਵੱਡੇ ਪੁਲਾਂ ਹੇਠਾਂ ਆਰਜ਼ੀ ਬਸੇਰਿਆਂ ਵਿੱਚ ਰਹਿੰਦੇ ਲੋਕਾਂ ਨੂੰ ਦੇਖੋ। ਪਤਾ ਲੱਗੇ ਇਕ ਬੀੜੀ ਜਾਂ ਸਿਗਰਟ ਬਦਲੇ ਕਿਵੇਂ ਔਰਤਾਂ ਆਪਣੇ ਜਿਸਮਾਂ ਨੂੰ ਵਰਤਣ ਦੀ ਖੁੱਲ੍ਹ ਦਿੰਦੀਆਂ ਹਨ। ਰਾਤ ਦੇ ਭੋਜਨ ਨਾਲ ਜੀਆਂ ਦ ਪੇਟ ਭਰਨ ਲਈ ਕੁਝ ਰੁਪਿਆਂ ਬਦਲੇ ਜਦੋਂ ਕੋਈ ਔਰਤ ਕਿਸੇ ਲੋੜਵੰਦ ਨੂੰ ਆਪਣੇ ਟਿਕਾਣੇ ਉਪਰ ਆਉਣ ਲਈ ਉਕਸਾਉਂਦੀ ਹੈ ਤਾਂ ਬੇਵਸ ਪਤੀ ਕਿਵੇਂ ਬਹਾਨੇ ਨਾਲ ਬਾਹਰ ਨਿਕਲ ਜਾਂਦਾ ਹੈ।

ਕਿੰਨਾ ਸੌਖਾ ਹੈ ਕਹਿਣਾ, 'ਮੈਂ ਦੇਸ਼ ਲਈ ਘਰ ਛੱਡਿਆ, ਮੈਂ ਦੇਸ਼ ਲਈ ਪਰਵਾਰ ਛੱਡਿਆ,' ਪਰ ਕਿੰਨਾ ਔਖਾ ਹੈ ਸਵੇਰੇ ਘਰੋਂ ਇਸ ਲਈ ਬਾਹਰ ਨਿਕਲਣਾ, ਕਦੇ ਕੂੜੇ ਦੇ ਢੇਰਾਂ ਉਪਰ, ਠੇਕਿਆਂ ਅੱਗੇ, ਕਿਸੇ ਮੰਦਰ ਜਾਂ ਗੁਰਦੁਆਰੇ ਦੇ ਬਾਹਰ ਏਸ ਲਾਲਚ ਵਿੱਚ ਖੜੇ ਰਹਿਣਾ ਕਿ ਕੀ ਪਤਾ ਕਦੋਂ ਜੂਠ ਦਾ ਡਰੰਮ ਬਾਹਰ ਉਲਟਾ ਦੇਣ। ਇਹੋ ਜਿਹਾ ਮੌਕਾ ਤਾਂ ਉਨ੍ਹਾਂ ਲਈ ਜਸ਼ਨਾਂ ਦਾ ਮੌਕਾ ਹੁੰਦਾ ਹੈ। ਇਕ ਦਿਨ ਬੰਗਾਲੀ ਮਿੱਤਰ ਕੋਲ ਮੈਂ ਇਨ੍ਹਾਂ ਬੱਚਿਆਂ ਦੇ ਭਵਿੱਖ ਬਾਰੇ ਗੱਲਾਂ ਕਰ ਰਿਹਾ ਸੀ, ਉਹ ਬੋਲਿਆ,

'ਸ਼ੋਰਦਾਰ ਜੀ, ਆਪ ਇਨ੍ਹਾਂ ਬੱਚਿਆਂ ਬਾਰੇ ਪੂਰੀ ਤਰ੍ਹਾਂ ਨਹੀਂ ਜਾਣਦੇ।\

'ਕਿਵੇਂ?' ਮੈਂ ਹੈਰਾਨ ਹੁੰਦਿਆਂ ਪੁੱਛਿਆ।

'ਬੜੇ ਬਦਮਾਸ਼ ਨੇ ਇਹ ਬੱਚੇ।' ਮੈਨੂੰ ਯਕੀਨ ਨਹੀਂ ਆਇਆ।

'ਅਰੇ ਦਾਦਾ, ਇਹ ਸ਼ਮਸ਼ਾਨਘਾਟ ਤੋਂ ਜਲਤੇ ਮੁਰਦਿਆਂ ਦੀਆਂ ਲੱਤਾਂ ਬਾਹਾਂ ਖਿੱਚ ਕੇ ਲੈ ਜਾਂਦੇ ਨੇ।' ਉਹ ਬੋਲਿਆ।

ਮੈਨੂੰ ਚੁੱਪ ਅਤੇ ਸੋਚੀਂ ਪਏ ਨੂੰ ਦੇਖ ਕੇ ਉਸ ਨੇ ਫਿਰ ਕਿਹਾ, 'ਇਹ ਆਦਮਖੋਰ ਬੱਚੇ ਨੇ।'

ਮੈਂ ਉਦੋਂ ਤੱਕ ਇਸ ਗੱਲ 'ਤੇ ਯਕੀਨ ਨਹੀਂ ਕੀਤਾ, ਜਦ ਤੱਕ ਇਹ ਵਰਤਾਰਾ ਅੱਖੀਂ ਨਹੀਂ ਦੇਖਿਆ। ਮੇਰੇ ਲਈ ਇਹ ਘਟਨਾ ਰੌਂਗਟੇ ਖੜੇ ਕਰਨ ਵਾਲੀ ਸੀ। ਸੋਚ ਰਿਹਾਂ, ਮਹਾਂਨਗਰੀ ਅਸਮਾਨ ਛੂੰਹਦੀਆਂ ਬਿਲਡਿੰਗਾਂ ਦੀ ਛਾਂ ਹੇਠ ਪਲਦਾ ਹਿੰਦੁਸਤਾਨ ਦਾ ਯਤੀਮ ਭਵਿੱਖ ਇੱਕੀਵੀਂ ਸਦੀ ਦੇ ਵਿਕਾਸ ਕਰਦੇ ਭਾਰਤ ਨੂੰ ਮੂੰਹ ਚਿੜਾਉਂਦਾ ਪ੍ਰਤੀਤ ਹੁੰਦਾ ਹੈ। ਤੁਸੀਂ ਇਸ ਬਾਰੇ ਕਿਵੇਂ ਸੋਚਦੇ ਹੋ?

SIKH SPORTS CLUB
SIKH SPORTS CLUB
UNITED SPORTS CLUB
BOYS & GIRLS
SOCCER CLUB
YOUTH AGES
2015 - 2002
5 PRACTICE AREAS - WEEKEND GAMES @ DIXIE & 407
BRAMPTON — CHERRYTREE & RAYLAWSON
BRAMPTON NORTH — BOVAIRD & CHINGUACOUSY RD
GORE — CASTLEMORE & GORE RD
MALTON — AIRPORT & MORNINGSTAR
SPRINGDALE — SANDALWOOD & TORBRAM
REGISTRATION $180
AFTER JUNE 1st REGISTRATION $200
INCLUDED IN REGISTRATION
✓ Uniforms
✓ Soccer Ball
✓ Family Picnic
✓ Trophy
✓ Games All Summer
✓ Training All Summer
FORMS AVAILABLE HERE
GURDWARA SAHIB in person Sun 12-2PM
Sri Guru Singh Sabha — Malton — 905 671 1662
Sikh Spiritual Centre — Rexdale — 416 746 6666
Sri Guru Nanak Sikh Centre (Gidden) — Brampton — 905 457 5757
Sikh Sangat (Van Kirk) — Brampton — 905 495 1200
Nanaksar Sahib — Brampton
RETAILERS
Singh Foods — Brampton — 905 796 2995
Movie Time — Gore — 905 913 1113
New City Pizza — Bramlea & Country Side — 905 792 2700
Gore Meat Shop — Brampton — 905 913 0689
Khalsa Travel and Tours — Springdale — 905 799 8800
Doaba Sweets& Restaurant
305 Charolais Blvd — 905 450 1455
9705 James Potter Rd — 905 216 7951
Asian Food Centre
Chinguacousy/Williams PKWY — Sun 12-2PM
VOLUNTEER TO COACH A TEAM.
YOUR CHILD PLAYS FREE!
LOOKING FOR VOLUNTEER HOURS?
GET THEM FROM US!
REGISTER ONLINE
www.SIKHSPORTSCLUB.com
www.UNITEDSPORTSCLUB.ca
416 744 2999
Follow us on twitter @Sikh_SportsClub or facebook.com/SikhSportsC
Please note: no refunds after uniforms are given

# ਰਾਮ ਰਾਏ ਨੂੰ ਮਸੰਦਾਂ ਨੇ ਜੀਊਂਦਾਂ ਸਾੜ ਦੇਣਾ

## ਦਸ਼ਮੇਸ਼ ਜੀ ਨੇ ਮਸੰਦਾ ਨੂੰ ਤੇਲ ਦੇ ਕੜਾਹੇ ਵਿੱਚ ਤਲ ਦੇਣਾ



ਕਰਨੈਲ ਸਿੰਘ ਟੋਰਾਂਟੋ:
416-746-7642

ਅਰਥ:- ਰਜੋ, ਸਤੋ, ਤਮੋ ਤਿਨ ਗੁਣ ਮਾਇਆ ਦੇ ਸਾਰੇ ਜਗਤ ਨੂੰ ਵਿਆਪ ਰਹੇ ਹਨ। ਤੁਰੀਆ ਪਦ ਜੋ ਚੋਥੀ ਭੂਮਿਕਾ ਹੈ, ਉਸ ਦੇ ਚਉਥੇ ਪਦ ਨੂੰ ਕੋਈ ਵਿਰਲਾ ਹੀ ਸੰਤ ਜਨ ਪਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ:-

ਉਹ ਸੰਤ ਜਨ ਨਿਰਮਲ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਮਾਤਮਾ ਵਸਿਆ ਹੈ। ਅੱਜ ਕੱਲ ਗੁਰੂ ਕਾ ਸਿੱਖ ਚਾਉਥਾ ਪਦ ਨਾਲੋਂ, ਗੁਰੂ ਕੀ ਗੋਲਕ ਨੂੰ ਹੀ ਚਉਥਾ ਪਦ ਸਮਝਦਾ ਹੈ। ਗੁਰੂ ਕਾ ਬੇਟਾ ਰਾਮ ਰਾਏ ਜੀ ਪਾਸ ਪਰਮ ਅਨੰਦ ਦੀ ਜੁਗਤੀ ਸੀ। ਇਕ ਦਿਨ ਦਸਵੇਂ ਦੁਆਰ ਸ੍ਵਾਸ ਚੜ੍ਹਾਕੇ ਬੈਠੇ ਹਨ, ਰਾਮ ਰਾਏ ਜੀ। ਮਸੰਦਾਂ ਨੇ ਮਰਿਆ ਸਮਝ ਕੇ ਅਗਨ ਭੇਂਟ ਕਰ ਦਿੱਤਾ। ਮਾਤਾ ਪੰਜਾਬ ਕੌਰ ਜੀ ਨੇ ਮਸੰਦਾਂ ਨੂੰ ਬਹੁਤ ਰੋਕਿਆ, ਪਰ ਮਸੰਦਾਂ ਨੇ ਭੂਤਰਿਆਂ ਹੋਇਆਂ ਨੇ ਮਾਤਾ ਜੀ ਦੀ ਇਕ ਨਾ ਸੁਣੀਂ, ਗੱਦੀ ਸਾਂਭਣ ਵਾਲਿਆਂ ਨੇ ਜੀਉਂਦੇ ਗੁਰੂ ਰਾਮ ਰਾਏ ਨੂੰ ਸਾੜ੍ਹ ਦਿੱਤਾ। ਮਾਤਾ ਪੰਜਾਬ ਕੌਰ ਰੋਂਦੀ ਪਿਟਦੀ ਰਹਿ ਗਈ। ਮਾਤਾ ਪੰਜਾਬ ਕੌਰ ਨੇ ਆਪਣੇ ਅਤਵਾਰੀ ਮਸੰਦ ਦਸ਼ਮੇਸ਼ ਪਿਤਾ ਜੀ ਪਾਸ ਭੇਜ ਕੇ, ਸਾਰੀ ਕੁਟਲ ਨੀਤੀ ਮਸੰਦਾਂ ਦੀ ਕਹਿ ਭੇਜੀ। ਕੇ ਚਾਚਾ ਜੀ ਭੈੜੇ ਮਸੰਦਾਂ ਨੇ ਮੇਰੇ ਪਤੀ ਨੂੰ, ਤੁਹ-ਾਡੇ ਭਤੀਜੇ ਨੂੰ, ਯੋਗਾ ਅਭਿਆਸ ਵਿਚ ਬੈਠੇ ਨੂੰ ਮਰਿਆ ਕਹਿ ਕੇ ਸਾੜ੍ਹ ਦਿੱਤਾ। ਚਾਚਾ ਜੀ ਆਪ ਆਕੇ ਮੇਰੀ ਮੱਦਦ ਕਰੋ, ਦਾਸੀ ਆਪ ਜੀ ਦੇ ਚਰਨਾਂ ਵਿਚ ਰੋਂਦੀ ਪਿਟਦੀ ਬੇਨਤੀ ਕਰਦੀ ਹੈ। (ਮਾਤਾ ਪੰਜਾਬ ਕੌਰ ਜੀ)

ਬੈਂਤ:- ਵਡਾ ਕਹਿਰ ਕਮਾਇਆ ਪਾਪੀਆਂ ਨੇ, ਰਾਮ ਰਾਏ ਨੂੰ ਜਿਉਂਦਾ ਸਾੜਿਆ ਜੀ।

ਮਾਈ ਹਾਲ ਸਾਰਾ ਗੁਰਾਂ ਵੱਲ ਲਿਖਿਆ, ਮੈਨੂੰ ਹੈ ਮਸੰਦਾਂ ਉਜਾੜਿਆ ਜੀ।

ਜੀਉਂਦਾ ਸਾੜਿਆ ਤੁਹਾਡੇ ਭਤੀਜੇ ਤਾਈਂ, ਵੱਡਾ ਮੇਰੇ ਤੇ ਕਹਿਰ ਗੁਜ਼ਾਰਿਆ ਜੀ।

ਚਾਚਾ ਜੀ ਤੁਸੀਂ ਰੱਖ ਲੋ ਲੱਜ ਮੇਰੀ, ਰੋ ਰੋ ਕੇ ਹਾਲ ਪੁਕਾਰਿਆ ਜੀ।

ਸਤਿਗੁਰੂ ਜੀ ਚਿਠੀ ਪੜ੍ਹ ਕੇ ਗੁਸਾ ਖਾ ਕੇ ਘੋੜੇ ਤੇ ਸਵਾਰ ਹੋ ਕੇ, ਕੱਲੇ ਹੀ ਡੇਹਰਾਦੂਨ ਪਹੁੰਚ ਜਾਂਦੇ ਹਨ ਅਤੇ ਮਾਤਾ ਪੰਜਾਬ ਕੌਰ ਨੂੰ ਧੀਰਜ ਦਿੱਤਾ। ਦੋ ਦਿਨ ਡੇਹਰਾਦੂਨ ਠਹਰੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਕੁਟਲ ਨੀਤੀ ਦਾ ਸਾਰਾ ਭੇਦ ਕੱਢ ਲਿਆ ਅਤੇ ਆਪਣੀ ਨੂੰਹ ਪੰਜਾਬ ਕੌਰ ਨੂੰ ਸਾਰੀ ਗੱਲ ਸਮਝਾ ਦਿਤੀ, ਕਿਹਾ ਰਾਮ ਰਾਏ ਜੀ ਦੇ ਮਹੋਸ਼ੇ ਤੇ ਸਤਾਰਵੇਂ ਤੇ ਸਾਰੇ ਮਸੰਦਾਂ ਨੂੰ ਬੁਲਾ ਲੈ, ਜਿਥੇ ਕਿਥੇ ਰਹਿੰਦੇ ਹਨ। ਅਸੀਂ ਪਾਉਂਟਾ ਸਾਹਿਬ ਜਾਂਦੇ ਹਾਂ, ਸਤਾਰਵੇਂ ਤੇ ਅਸੀਂ ਪੰਜ ਸੌਂ ਘੋੜ ਸਵਾਰ ਸਿੰਘ ਸੂਰਮੇਂ ਲੈ ਕੇ ਆਵਾਂਗੇ, ਇਨ੍ਹਾਂ ਪੂਜਾ ਦਾ ਧਾਨ ਖਾ ਕੇ ਚਾਂਬਲਿਆਂ ਹੋਇਆ ਨੂੰ, ਚੰਗੀ ਮਾਰ ਮਰਾਂਗੇ। ਅਤੇ ਰਾਮ ਰਾਏ ਜੀ ਦੀ ਗੱਦੀ ਦੀ ਜਾਨ ਸ਼ੀਨ ਤੈਨੂੰ ਬਣਾ ਕੇ ਜਾਵਾਂਗੇ। ਮਾਤਾ ਪੰਜਾਬ ਕੌਰ ਜੀ ਨੇ ਸਤਾਰਵੇਂ ਦਿਨ ਮਹੋਸ਼ੇ ਤੇ ਸਾਰੇ ਮਹਾਂ ਪਾਪੀ ਮਸੰਦ ਬੁਲਾ ਲਏ, ਉਧਰ ਸੱਚੇ ਪਤਿਸ਼ਾਹ ਪੰਜ ਸੌ ਘੋੜ ਸਵਾਰ ਸੂਰਮੇਂ ਨੰਦ ਚੰਦ ਜੀ ਸੈਨਾ ਪਤੀ ਆਦਿਕ, ਜਿਹੜੇ ਬਹੁਤ ਹੁਸ਼ਿਆਰ ਹਨ, ਜੰਗਾਂ ਯੁਧਾਂ ਦੀਆਂ ਸਾਰੀਆਂ ਵਿਉਂਤਾਂ ਜਾਣਦੇ ਹਨ। ਡੇਹਰਾਦੂਨ ਪਹੁੰਚ ਜਾਂਦੇ ਹਨ। ਸਾਰਾ ਪੰਜ-ਸੱਤ ਕਿਲੋ ਮੀਟਰ ਦਾ ਪੈਂਡਾ ਹੈ, ਪਾਉਂਟਾ ਸਾਹਿਬ ਤੋਂ ਡੇਹਰਾਦੂਨ। ਦੂਸਰੇ ਦਿਨ ਦੀਵਾਨ ਸਜਾ ਕੇ ਮਸੰਦਾਂ ਨੂੰ ਤਾੜਨਾ ਕੀਤੀ।

ਬੈਂਤ:-ਦਿਨ ਦੂਸਰੇ ਭਾਰਾ ਦੀਵਾਨ ਲੱਗਾ, ਕਹਿਆ ਗੁਰਾਂ ਇਹ ਪਾਪਾ ਕਮਾਇਆ ਕਿਉਂ।

ਪਾਪੋਂ ਤੁਸੀਂ ਨ ਡਰੇ ਮਸੰਦ ਸਾਰੇ, ਜੀਊਂਦਾ ਆਪਨਾ ਗੁਰੂ ਜਲਾਇਆ ਕਿਉਂ।

ਤੁਹਾਨੂੰ ਕਿਸੇ ਦਾ ਖੌਫ ਨਾ ਮੂਲ ਆਇਆ, ਏਡਾ ਹੌਂਸਲਾ ਤੁਸੀਂ ਵਖਾਇਆ ਕਿਉਂ।

ਮਸੰਦ ਵੀ ਪੂਜਾ ਦਾ ਧਾਨ ਖਾ ਕੇ ਭੂਤਰੇ ਫਿਰਦੇ ਸੀ। ਗੁਰੂ ਜੀ ਨੂੰ ਕਹਿੰਦੇ ਤੁਸੀਂ ਇੱਥੇ ਮਕਾਣ ਦੇਣ ਆਏ ਹੋ ਜਾਂ ਲੜਨ ਆਏ ਹੋ। ਸਾਡੇ ਗੁਰੂ ਦੀ ਗੱਦੀ ਤੁਹਾਡੇ ਨਾਲੋਂ ਵੱਖਰੀ ਹੈ। ਸਾਡੇ ਕੰਮ ਵਿਚ ਦਖਲ ਦੇਣ ਦਾ ਤੁਹਾਨੂੰ ਕੋਈ ਹੱਕ ਨਹੀਂ। ਗੁਰੂ ਜੀ ਨੇ ਨੰਦ ਚੰਦ ਸੈਨਾਪਤੀ ਨੂੰ ਸਮਝਾਇਆ, ਕੇ ਇਕ ਢੋਲ, ਦੂਜਾ ਮੂੜ੍ਹ, ਤੀਜਾ ਗਵਾਰ ਭਾਵ ਬਦਤਮੀਜ਼, ਚਉਥਾ ਪਸ਼ੂ, ਏਹ ਚਾਰੇ ਬਿਨਾਂ ਤਾੜੇ ਸਮਝਦੇ ਨਹੀਂ। ਸੈਨਾ ਪਤੀ ਨੂੰ ਹੁਕਮ ਕੀਤਾ ਚਾਰੇ ਪਾਸੀਂ ਘੇਰਾ ਪਾ ਕੇ ਮਸੰਦਾਂ ਨੂੰ ਕਿਸੇ ਪਾਸੇ ਨਿਕਲਣ ਨਹੀਂ ਦੇਣਾ, ਨੰਦ ਚੰਦ ਜੀ ਕਿਹਾ ਸਤ ਬਚਨ ਜੀ, ਜਿਹੜਾ ਮਸੰਦ ਭੱਜਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਝਟਕਾ ਦਿਆਂਗੇ।

ਤੀਸਰੇ ਦਿਨ ਮਸੰਦਾਂ ਨੂੰ ਸਾੜਨਾ

ਸਤਿਗੁਰੂ ਜੀ ਨੇ ਇਕ ਕੋਠਾ ਖਾਲੀ ਕਰਵਾ ਲਿਆ, 50 ਸੂਰਬੀਰ ਸਿੰਘ ਅੰਦਰ ਬੈਠਾ ਦਿੱਤੇ। ਮਸੰਦਾਂ ਨੂੰ ਕਿਹਾ ਪੰਜ ਪੰਜ ਮਸੰਦ ਅੰਦਰ ਆ ਕੇ ਸਰੋਪਾ ਪ੍ਰਾਪਤ ਕਰੋ। ਕੋਠੇ ਦੇ ਪਹਿਲੇ ਦਰਵਾਜ਼ੇ ਤੇ ਦਸ਼ਮੇਸ਼ ਪਾਤਿਸ਼ਾਹ ਜੀ ਆਪ ਬੈਠੇ ਸਨ। ਜਿਹੜੇ ਪੰਜ ਮਸੰਦ ਅੰਦਰ ਜਾਂਦੇ ਸਨ, ਉਨ੍ਹਾਂ ਨੂੰ ਸੂਰਵੀਰ ਸਿੰਘ ਸਰੋਪਾ ਦੇਣ ਦੀ ਵਜਾਏ, ਮੁਸ਼ਕਾਂ ਬੰਨ ਕੇ ਅੰਦਰ ਬੈਠਾ ਦਿੰਦੇ ਸਨ। ਉਸ ਕੋਠੇ ਦੇ ਅੰਦਰ ਤੇਲ ਦੇ ਕੜਾਹੇ ਉਬਲ ਰਹੇ ਹਨ। ਜਿਹੜੇ ਮਸੰਦਾਂ ਨੇ ਪਹਿਲਾਂ ਹੀ ਮਾਫੀਆਂ ਮੰਗ ਲਈਆਂ ਸਨ, ਉਨ੍ਹਾਂ ਨੂੰ ਮਾਫ ਕਰ ਦਿੱਤਾ। ਜਿਨ੍ਹਾਂ ਦੀ ਮਾਤਾ ਪੰਜਾਬ ਕੌਰ ਜੀ ਨੇ ਸਹਿਮਤੀ ਭਰੀ, ਕੇ ਇਹ ਚੰਗੇ ਹਨ। ਆਗਿਆ ਦਾ ਪਾਲਣ ਕਰਦੇ ਹਨ, ਉਹਨਾਂ ਨੂੰ ਛੱਡ ਦਿੱਤਾ। ਜਿਨ੍ਹਾਂ ਦੀ ਪੂਜਾ ਦਾ ਧਾਨ ਖਾ ਕੇ ਮੱਤ ਮਾਰੀ ਗਈ ਸੀ, ਹੰਕਾਰੇ ਹੋਏ ਸਨ, ਮਾਤਾ ਪੰਜਾਬ ਕੌਰ ਅਤੇ ਗੁਰੂ ਰਾਮ ਰਾਏ ਜੀ ਨੂੰ ਅੱਖਾਂ ਦਖਾਉਂਦੇ ਸਨ, ਮਖੌਲ ਠੱਠੇ ਕਰਦੇ ਹਨ, ਨੋਟ:- ਜਿਸ ਤਰ੍ਹਾਂ ਹੁਣ ਦੇ ਪ੍ਰਬੰਧਕ ਗੁਰੂ ਗ੍ਰੰਥ ਸਾਹਿਬ ਅੱਗੇ ਝੂਠੇ ਅਨੰਦ ਕਾਰਜ ਕਰਵਾ ਕੇ ਗੁਰੂ ਸਾਹਿਬ ਨੂੰ ਅੱਖਾਂ ਦਖਾਉਂਦੇ ਹਨ। ਗੁਰੂ ਜੀ ਦੇ ਖਜ਼ਾਨੇ ਦੀ ਚੋਰੀ ਕਰਦੇ ਹਨ। ਝੂਠੀ ਕਾਰਵਾਈ ਕਰਕੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਠੱਠੇ ਕਰਦੇ ਹਨ।

ਧਨਾਸਰੀ ਮਹੱਲਾ ੧॥

ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥

ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ।੧॥ ਰਹਾਉ॥

ਪੰਨਾ 662

ਅਰਥ:- ਚੋਰ ਦੀ ਹਾਮਾ=ਜਾਮਨੀ ਕੋਈ ਨਹੀਂ ਭਰਦਾ। ਚੋਰ ਦਾ ਕੀਤਾ ਕੰਮ ਚੰਗਾ ਕਿਵੇਂ ਹੋ ਸਕਦਾ ਹੈ। ਗੁਰੂ ਜੀ ਕਠੋਰ ਬਚਨ ਦੂਜਿਆਂ ਨੂੰ ਕਹਿਣ ਦੀ ਬਜਾਏ ਆਪਣੇ ਮਨ ਤੇ ਪ੍ਰਮਾਣ ਦੇ ਕੇ ਸਮਝਾਂਦੇ ਹਨ। ਹੇ ਅੰਧੇ ਅਗਿਆਨੀਂ ਮਨਾ ਲੋਭ ਕਰਕੇ ਕੁੱਤੇ, ਝੂਠੇ ਮਨਾ ਤੂੰ ਕੰਨ ਦੇ ਕੇ ਸੁਣਨਾ ਕਰ। ਜੋ ਸਚਿਆਰ ਪ੍ਰਭੂ ਹੈ, ਜਾਂ ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ ਜੀ, ਬਿਨਾਂ ਬੋਲੇ ਸਭ ਕੁਝ ਜਾਣਦਾ ਹੈ, ਬੁਝ ਲੈਂਦਾ ਹੈ। ਤੁਹਾਡੇ ਝੂਠੇ ਅਨੰਦ ਕਾਰਜਾਂ ਦਾ ਲੇਖਾ ਵਹੀ ਕੱਢ ਕੇ ਪੁਛਣਾ ਹੈ, ਧਰਮ ਰਾਏ, ਸੂਰਜ ਦੇ ਪੁਤ੍ਰ ਨੇ, ਜਿਸ ਤਰ੍ਹਾਂ ਕਲਗੀਧਰ ਜੀ ਨੇ ਮਸੰਦਾਂ ਤੋਂ ਲੇਖਾ ਲੈਣਾ ਕੀਤਾ ਹੈ।

ਸ੍ਰੀ ਰਾਗ ਮਹਲਾ ੩॥ ਪੰਨਾ 39

ਧਰਮ ਰਾਇ ਨੋ ਹੁਕਮ ਹੈ ਬਹਿ ਸਚਾ ਧਰਮੁ ਬੀਚਾਰਿ॥

ਅਰਥ:- ਪ੍ਰਮਾਤਮਾ ਦਾ ਧਰਮ ਰਾਜੇ ਨੂੰ ਹੁਕਮ ਹੈ, ਕਿ ਤੂੰ ਸੱਚੀ ਕਚੈਹਰੀ ਵਿਚ ਬੈਠ ਕੇ ਸਚਾ ਨਿਆਂ ਕਰਨਾ ਹੈ। ਬਿਨਾਂ ਕਿਸੇ ਪਖ ਪਾਤ ਦੇ। ਮੱਤ ਕਿਸੇ ਭਲੇਖੇ ਵਿਚ ਰਹਿ ਜਾਇਓ, ਕੇ ਗੁਰੂ ਗ੍ਰੰਥ ਨੂੰ ਤਾਂ ਪਤਾ ਹੀ ਨਹੀਂ ਲਗਾ ਕੇ ਅਸੀਂ ਪਤੀ ਪਤਨੀ ਸੀ, ਜਾਂ ਭੈਣ ਭਾਈ, ਮਾਂ ਪੁੱਤ, ਪਿਓ ਧੀ, ਜਾਂ ਨੂੰਹ ਸਾਹੁਰਾ, ਝੂਠੇ ਅਨੰਦ ਕਾਰਜ ਕਰਵਾ ਗਏ ਹਾਂ ਚੋਰੀ ਚੋਰੀ। ਕਈ ਦਫਾ ਦੇਖੀਦਾ ਹੈ ਗੁਰਦੁਆਰਿਆਂ ਵਿਚ ਲੜਕੀ ਨੂੰ ਅਨੰਦ ਕਾਰਜ ਤੋਂ ਬਾਅਦ ਘਰ ਨੂੰ ਲੈ ਆਉਂਦੇ ਹਨ, ਲਾੜਾ ਸਜਿਆ ਧਜਿਆ ਲੰਗਰ ਹਾਲ ਵਿਚ ਆਪਣੀ ਇੰਮੀਗਰੇਸ਼ਨ ਦੀਆਂ ਖੁਸ਼ੀਆਂ ਮਨਾਂਦਾ ਫਿਰਦਾ ਹੈ।

ਮਹੱਲਾ ੪॥ ਪੰਨਾ 316

ਤਥਾ:- ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥

ਅਰਥ:- ਜੀਵ ਦੇ ਪਾਪ ਕਰਮ ਦੇਖ ਕੇ ਧਰਮ ਰਾਜਾ ਕਹਿੰਦਾ ਹੈ, ਇਸ ਤਪੇ ਪਾਪੀ ਨੂੰ ਉਥੇ ਵੱਡੇ ਕਸ਼ਟ ਦੇਣ ਵਾਲੇ ਨਰਕ ਵਿਚ ਪਾ ਦਿਓ, ਜਿੱਥੇ ਮਹਾਂ ਹਤਿਆਰੇ ਪਏ ਹਏ ਹਨ। ਕਿਉਂਕਿ ਇਹ ਸਤਿਗੁਰੂ ਦਾ ਚੋਰ ਹੈ, ਸਤਿਗੁਰੂ ਜੀ ਦਾ ਫਟਕਾਰਿਆ ਹੋਇਆ ਹੈ। ਇਹ ਨਹੀਂ ਦੇਖਣਾ ਕੇ ਤੂੰ ਗੁਰਦੁਆਰੇ ਦਾ ਪ੍ਰਧਾਨ ਸੀ, ਜਾਂ ਗ੍ਰੰਥੀ ਰਾਗੀ, ਜਾਂ ਕਿਸੇ ਡੇਰੇ ਦਾ ਮਹੰਤ ਸੀ, ਸਾਧੂਆਂ, ਸੰਤਾਂ ਵਾਲਾ ਪਹਿਰਾਵਾ ਪਾਂਦਾ ਸੀ। ਤੇਰਾ ਕਰਮ ਅਤੇ ਤੇਰੀ ਕ੍ਰਿਤ ਸੱਚੀ ਜਾਂ ਝੂਠੀ ਦੇਖਣੀ ਹੈ, ਨਾ ਕੇ ਤੇਰਾ ਅਹੁਦਾ ਅਤੇ ਭੇਖ= ਪਹਿਰਾਵਾ। ਆਓ ਹੁਣ ਉਸ ਕੋਠੇ ਵੱਲ ਚੱਲੀਏ, ਜਿੱਥੇ ਪੂਜਾ ਦਾ ਧਾਨ ਆਪਣੀ ਮਰਜੀ ਨਾਲ ਖਾਂਦੇ ਸੀ, ਮਸੰਦਾਂ ਲਈ ਤੇਲ ਦੇ ਕੜਾਹੇ ਉਬਾਲੇ ਖਾ ਰਹੇ ਹਨ। ਦਸ਼ਮੇਸ਼ ਪਿਤਾ ਅਕਾਲ ਸਰੂਪ ਜੋਤਿ ਅੱਖਾਂ ਲਾਲ ਕਰਕੇ, ਬੀਰ ਰਸ ਵਿਚ ਆਏ ਹੋਏ ਹਨ। ਸਿੰਘਾਂ ਨੂੰ ਹੁਕਮ ਹੋਇਆ ਇਨ੍ਹਾਂ ਵੱਡੇ ਪਾਪੀ ਮਸੰਦਾਂ ਨੂੰ ਇਕ ਇਕ ਨੂੰ ਤੇਲ ਦੇ ਕੜਾਹੇ ਵਿਚ ਸੁਟਣਾ ਕਰੋ। ਜਿਨ੍ਹਾਂ ਨੇ ਆਪਣੇ ਗੁਰੂ ਨੂੰ ਜਿਉਂਦਾ ਸਾੜ੍ਹਿਆ ਹੈ।

ਬੈਂਤ:- ਸਿੰਘਾਂ ਤੇਲ ਦੇ ਵਿਚ ਸੀ ਸੁਟ ਦਿੱਤੇ ਫੂਕ ਦਿੱਤੇ ਇਹ ਫਾਸਤਾ ਮੁਕਾਇਆ

ਅਗੋਂ ਕੰਨ ਹੋ ਗਏ ਕਰਤਾਰ ਸਿੰਘਾ, ਏਹ ਕੀਤੀ ਦਾ ਫਲ ਦਵਾਇਆ ਗੁਰਾਂ

ਨੋਟ:- ਗੁਰੂ ਕੇ ਚੋਰ, ਗੁਰੂ ਘਾਤਕ, ਗੁਰੂ ਦੋਖੀਆਂ ਨੂੰ ਤਾਂ ਇਹ ਸਜਾ ਵੀ ਥੋੜੀ ਹੈ। ਜੇਕਰ ਏਨੇ ਵਿਚ ਵੀ ਉਨ੍ਹਾਂ ਦੀ ਬੰਦ ਖਲਾਸੀ ਹੋ ਜਾਵੇ ਤਾਂ ਵੀ ਚੰਗਾ ਹੈ ਉਨ੍ਹਾਂ ਲਈ। ਪਾਪੀ ਮਸੰਦਾਂ ਨੂੰ ਤੇਲ ਦੇ ਕੜਾਹਿਆਂ ਵਿੱਚ ਸਾੜ੍ਹਕੇ ਮਾਤਾ ਪੰਜਾਬ ਕੌਰ ਨੂੰ ਦੁਨਿਆਵੀ ਵਿਹਾਰ ਰਸ਼ਮੋਂ ਰਿਵਾਜ਼ ਅਨੁਸਾਰ ਕੀਤਾ। ਰਾਮ ਰਾਏ ਦੀ ਪਤਨੀ ਅਤੇ ਰਿਸ਼ਤੇ ਵਿਚ ਲਗਦੀ ਆਪਣੀ ਨੂੰਹ ਨੂੰ, ਇਕ ਸੁੰਦਰ ਮੋਤੀਆਂ ਦੀ ਮਾਲਾ, ਇਕ ਸੋਹਣਾ ਸ੍ਵਰਨ=ਸੋਨੇ ਦਾ ਚੂੜਾ, ਇਕ ਸੰਦਰ ਦੁਸ਼ਾਲਾ ਦਿੱਤਾ, ਗੁਰੂ ਸਾਹਿਬ ਜੀ ਨੇ ਅਤੇ ਧੀਰਜ ਦਿੱਤੀ। ਹਰ ਪ੍ਰਕਾਰ ਦੀ ਜੁਮੇਂਵਾਰੀ ਨਿਭਾਣ ਲਈ ਹੌਂਸਲਾ ਦਿੱਤਾ ਅਤੇ ਕਿਹਾ ਅਸੀਂ ਪਾਉਂਟੇ ਸਾਹਿਬ ਨੂੰ ਜਾਂਦੇ ਹਾਂ, ਅਗਰ ਕੋਈ ਪ੍ਰਾਬਲਮ ਹੋਵੇ ਤਾਂ ਸੁਨੇਹਾ ਭੇਜਣਾ। ਮਾਤਾ ਪੰਜਾਬ ਕੌਰ ਜੀ ਨੇ ਡੇਰੇ ਦੀ ਸੇਵਾ ਬਾਖੂਬੀ ਨਾਲ ਨਿਭਾਈ।

ਨੋਟ:- ਹਰਗੋਬਿੰਦ ਸਾਹਿਬ ਨੇ ਗੁਰਤਾ ਗੱਦੀ ਦਾ ਤਿਲਕ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਜੀ ਨੂੰ ਦਿਤਾ ਸੀ। ਬਾਬਾ ਗੁਰਦਿੱਤਾ ਜੀ ਸਮਾ ਗਏ ਸਨ, ਬਾਬਾ ਗੁਰਦਿੱਤਾ ਜੀ ਦੇ ਦੋ ਪੁਤਰ ਸਨ, ਵੱਡੇ ਧੀਰ ਮੱਲ ਜੀ ਛੋਟੇ ਹਰਿ ਰਾਏ ਸਾਹਿਬ ਜੀ। ਬਾਬਾ ਗੁਰਦਿੱਤਾ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੋਵੇਂ ਹਰਗੋਬਿੰਦ ਸਾਹਿਬ ਜੀ ਦੇ ਪੁਤ੍ਰ ਸਨ। ਉਤੋਂ ਇਕ ਖਾਨਦਾਨ ਹੋਣ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਾਮ ਰਾਏ ਜੀ ਭਤੀਜੇ ਸਨ। ਜੇ ਨਾ ਲਿਖਾਂ ਤਾਂ ਸ਼ਾਇਦ ਆਪ ਸ਼ੰਕਾ ਕਰੋਗੇ ਕਿ ਦਸ਼ਮੇਸ਼ ਪਿਤਾ ਜੀ ਦੀ ਨੂੰਹ ਕਿਵੇਂ ਲੱਗੀ ਪੰਜਾਬ ਕੌਰ।

ਨੋਟ:- ਜਿਹੜੇ ਅੱਜ ਦੇ ਸਮੇਂ ਵਿੱਚ ਕਿਸੇ ਕਿਸਮ ਦੀ ਚੁਸਤੀ ਚਾਲਾਕੀ ਕਰਨਗੇ ਗੁਰੂ ਜੀ, ਉਨ੍ਹਾਂ ਨੂੰ ਸਿੱਖੀ ਤੋਂ ਖਾਰਜ਼ ਕਰ ਦਿੰਦੇ ਹਨ।

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

## 20 ਸਾਲਾਂ ਪਿੱਛੋਂ ਸੁਪਰੀਮ ਕੋਰਟ ਨੇ ਕਾਤਲ ਨੂੰ ਨਾਬਾਲਗ ਦੱਸ ਕੇ ਛੱਡਿਆ

ਖੰਨਾ, 17 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਇੱਕ ਕੇਸ ਦੌਰਾਨ ਪਿਓ-ਪੁੱਤਰ ਨੂੰ ਕਤਲ ਦੇ ਦੋਸ਼ੀ ਮੰਨੇ ਜਾਣ ਮਗਰੋਂ ਸੁਪਰੀਮ ਕੋਰਟ ਨੇ ਪੁੱਤਰ ਨੂੰ ਨਾਬਾਲਗ ਮੰਨ ਕੇ ਛੱਡ ਦਿੱਤਾ ਹੈ।



ਵਰਨਣ ਯੋਗ ਹੈ ਕਿ ਰੋਪੜ ਦੀ ਜ਼ਿਲ੍ਹਾ ਸੈਸ਼ਨ ਕੋਰਟ ਨੇ ਅਸ਼ੋਕ ਕੁਮਾਰ ਮਹਿਰਾ ਤੇ ਉਸ ਦੇ ਪੁੱਤਰ ਸੁਖਵੰਤ ਕੁਮਾਰ ਨੂੰ ਇੱਕ ਹੱਤਿਆ ਦੇ ਦੋਸ਼ ਵਿੱਚ ਛੇ ਜੂਨ 2000 ਨੂੰ ਬਰੀ ਕਰ ਦਿੱਤਾ ਸੀ, ਜਿਸ ਦੇ ਵਿਰੁੱਧ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ ਸੀ। ਹਾਈ ਕੋਰਟ 21 ਜੁਲਾਈ 2008 ਨੂੰ ਪਿਤਾ ਅਤੇ ਪੁੱਤਰ ਦੋਵਾਂ ਨੂੰ ਦੋਸ਼ੀ ਮੰਨ ਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸ ਦੇ ਵਿਰੋਧ ਵਿੱਚ ਦੋਵੇਂ ਪਿਤਾ ਅਤੇ ਪੁੱਤਰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਚਲੇ ਗਏ। ਇਸ ਦੌਰਾਨ ਪਿਤਾ ਦੀ ਮੌਤ ਹੋ ਗਈ, ਪਰ ਸੁਣਵਾਈ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਕਿ ਸੁਖਵੰਤ ਕੁਮਾਰ ਦੀ ਜਨਮ ਤਰੀਕ ਜਨਮ ਸਰਟੀਫਿਕੇਟਸ ਵਿੱਚ 14 ਜੂਨ 1980 ਦਰਜ ਹੈ, ਜਦ ਕਿ ਵਾਰਦਾਤ 14 ਜਨਵਰੀ 1998 ਨੂੰ ਹੋਈ ਸੀ। ਇਸ ਉੱਤੇ ਸੁਪਰੀਮ ਕੋਰਟ ਨੇ ਮੰਨਿਆ ਕਿ ਵਾਰਦਾਤ ਕਰਦੇ ਸਮੇਂ ਪੁੱਤਰ ਦੀ ਉਮਰ 17 ਸਾਲ ਪੰਜ ਮਹੀਨੇ ਸੀ ਅਤੇ 18 ਸਾਲ ਤੋਂ ਘੱਟ ਹੋਣ ਕਾਰਨ ਉਸ ਨੂੰ ਨਾਬਾਲਗ ਮੰਨ ਕੇ ਬਰੀ ਕਰ ਦਿੱਤਾ ਗਿਆ ਹੈ। ਇਸ ਕੇਸ ਵਿੱਚ ਭਾਵੇਂ ਹੇਠਲੀਆਂ ਅਦਾਲਤਾਂ ਵਿੱਚ ਇਸ ਗੱਲ ਨਹੀਂ ਸੀ ਵਿਚਾਰੀ ਗਈ, ਫਿਰ ਵੀ ਸੁਪਰੀਮ ਕੋਰਟ ਨੇ ਇੱਕ ਪੁਰਾਣੇ ਕੇਸ ਦਾ ਹਵਾਲਾ ਦੇ ਕੇ 15 ਅਪ੍ਰੈਲ ਨੂੰ ਐਲਾਨ ਕੀਤਾ ਹੈ ਕਿ ਜੁਵੇਨਾਈਲ ਜਸਟਿਸ ਐਕਟ ਅਧੀਨ ਦੋਸ਼ੀ ਪਹਿਲਾਂ ਹੀ ਤੈਅ ਕੀਤੀ ਤੋਂ ਵੱਧ ਸਜ਼ਾ ਕੱਟ ਚੁੱਕਿਆ ਹੈ, ਇਸ ਲਈ ਉਸ ਦੀ ਬਾਕੀ ਦੀ ਸਜ਼ਾ ਮੁਆਫ ਕੀਤੀ ਜਾਂਦੀ ਹੈ।

## ਚੰਦੂਮਾਜਰਾ ਨੇ ਤਿਵਾੜੀ ਨੂੰ ਬਾਹਰੀ ਕਿਹਾ, ਤਿਵਾੜੀ ਨੇ ਕਿਹਾ, ਮੈਂ ਕਿਹੜਾ ਪਾਕਿਸਤਾਨੋਂ ਆਇਆਂ

ਮੋਹਾਲੀ, 17 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪਾਰਟੀ ਵੱਲੋਂ ਆਨੰਦਪੁਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਵਾਸਤੇ ਮਨੀਸ਼ ਤਿਵਾੜੀ ਨੂੰ ਆਪਣਾ ਉਮੀਦਵਾਰ ਬਣਾਏ ਪਿੱਛੋਂ ਵਿਰੋਧੀਆਂ ਨੇ ਉਨ੍ਹਾਂ ਨੂੰ ਬਾਹਰੀ ਉਮੀਦਵਾਰ ਦੱਸਣਾ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਮਨੀਸ਼ ਤਿਵਾੜੀ ਨੂੰ ਬਾਹਰੀ ਨੇਤਾ ਦੱਸਦੀ ਹੈ।



ਇਸ ਸੰਬੰਧ ਵਿੱਚ ਅਕਾਲੀ ਉਮੀਦਵਾਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਇਥੋਂ ਤੱਕ ਕਹਿ ਦਿੱਤਾ ਕਿ ਤਿਵਾੜੀ ਨੂੰ ਪੈਰਾਸ਼ੂਟ ਨੇਤਾ ਵਜੋਂ ਭੇਜਣਾ ਪੰਜਾਬ ਦੇ ਸਾਰੇ ਕਾਂਗਰਸੀ ਨੇਤਾਵਾਂ ਨਾਲ ਧੋਖਾ ਹੈ। ਮੈਨੂੰ ਹਲਕੇ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ, ਪਰ ਤਿਵਾੜੀ ਨੂੰ ਆਪਣੀ ਪਛਾਣ ਦੱਸਣੀ ਪਵੇਗੀ। ਇਸ ਦੇ ਬਾਅਦ ਟਕਸਾਲੀ ਅਕਾਲੀ ਦਲ ਦੇ ਉਮੀਦਵਾਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਇਹ ਪਾਰਟੀ ਦਾ ਅਧਿਕਾਰ ਹੈ ਕਿ ਕਿਸ ਨੂੰ ਉਮੀਦਵਾਰ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕਿਸੇ ਦੇ ਬਾਹਰੀ ਹੋਣ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦੇ। ਜਵਾਬ ਵਿੱਚ ਮਨੀਸ਼ ਤਿਵਾੜੀ ਨੇ ਕਿਹਾ ਕਿ "ਮੈਂ ਕਿਹੜਾ ਪਾਕਿਸਤਾਨ ਤੋਂ ਆਇਆ ਹਾਂ, ਜਿਹੜਾ ਬਾਹਰ ਦਾ ਕਹਿੰਦੇ ਨੇ"। ਮਨੀਸ਼ ਤਿਵਾੜੀ ਖੁਦ ਨੂੰ ਬਾਹਰੀ ਉਮੀਦਵਾਰ ਕਹੇ ਜਾਣ ਤੋਂ ਦੁਖੀ ਹਨ, ਪਰ ਉਹ ਕਹਿੰਦੇ ਹਨ ਕਿ ਚੋਣ ਲੜਾਈ ਮੁੱਦਿਆਂ 'ਤੇ ਹੋਣੀ ਚਾਹੀਦੀ ਹੈ, ਪ੍ਰਸਨੈਲਿਟੀ ਉੱਤੇ ਨਹੀਂ।

## ਜੈਸ਼-ਏ-ਮੁਹੰਮਦ ਦੇ ਪੱਤਰ ਨੇ ਪੰਜਾਬ ਪੁਲਸ ਦੀ ਨੀਂਦ ਉਡਾਈ



ਬਠਿੰਡਾ, 17 ਅਪ੍ਰੈਲ (ਪੋਸਟ ਬਿਊਰੋ)- ਜੈਸ਼-ਏ-ਮੁਹੰਮਦ ਦੇ ਧਮਕੀ ਪੱਤਰ ਨੇ ਸੁਰੱਖਿਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ ਅਤੇ ਇਸ ਪੱਤਰ ਮਗਰੋਂ ਰੇਲਵੇ ਸਟੇਸ਼ਨਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

ਪੰਜਾਬ ਪੁਲਸ ਨੇ ਫਿਰੋਜ਼ਪੁਰ ਦੇ ਡਿਵੀਜ਼ਨਲ ਰੇਲਵੇ ਮੈਨੇਜਰ ਨੂੰ ਧਮਕੀ ਪੱਤਰ ਮਿਲਣ ਪਿੱਛੋਂ ਅਲਰਟ ਜਾਰੀ ਕਰ ਦਿੱਤਾ ਹੈ। ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਪੰਜਾਬ ਅਤੇ ਰਾਜਸਥਾਨ ਦੇ ਰੇਲਵੇ ਸਟੇਸ਼ਨਾਂ ਨੂੰ ਬੰਬ ਧਮਾਕੇ ਕਰਕੇ ਉਡਾਉਣ ਦੀ ਧਮਕੀ ਦਿੱਤੀ ਹੈ। ਜੈਸ਼ ਦੇ ਏਰੀਆ ਕਮਾਂਡਰ (ਜੰਮੂ ਕਸ਼ਮੀਰ, ਸਿੰਧ, ਪਾਕਿਸਤਾਨ) ਦੇ ਨਾਮ ਵਾਲਾ ਧਮਕੀ ਪੱਤਰ ਰੇਲਵੇ ਅਧਿਕਾਰੀਆਂ ਨੂੰ 15 ਅਪ੍ਰੈਲ ਦੀ ਸ਼ਾਮ ਨੂੰ ਮਿਲਿਆ ਸੀ, ਜਿਸ ਪਿੱਛੋਂ ਉਨ੍ਹਾਂ ਨੇ ਸੁਰੱਖਿਆ ਏਜੰਸੀਆਂ ਨੂੰ ਜਾਣੂ ਕਰਵਾ ਦਿੱਤਾ ਸੀ। ਡਿਵੀਜ਼ਨਲ ਰੇਲਵੇ ਮੈਨੇਜਰ ਵਿਵੇਕ ਕੁਮਾਰ ਦੇ ਨਾਮ 'ਤੇ ਆਏ ਧਮਕੀ ਪੱਤਰ ਵਿੱਚ ਜੈਸ਼-ਏ-ਮੁਹੰਮਦ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ 13 ਅਤੇ 15 ਮਈ ਨੂੰ ਧਮਾਕੇ ਕਰਨ ਦੀ ਧਮਕੀ ਦਿੱਤੀ ਹੈ। ਹਿੰਦੀ ਵਿੱਚ ਲਿਖੇ ਪੱਤਰ ਵਿੱਚ ਅੱਤਵਾਦੀਆਂ ਵੱਲੋਂ ਜਹਾਦੀਆਂ ਦੀ ਮੌਤ ਦਾ ਬਦਲਾ ਲੈਣ ਦੀ ਗੱਲ ਆਖੀ ਗਈ ਅਤੇ 13 ਅਤੇ 15 ਮਈ ਨੂੰ ਫਰੀਦਕੋਟ, ਫਿਰੋਜ਼ਪੁਰ, ਬਰਨਾਲਾ ਤੇ ਜਲੰਧਰ ਦੇ ਰੇਲਵੇ ਸਟੇਸ਼ਨਾਂ ਦੇ ਨਾਲ ਰਾਜਸਥਾਨ ਦੇ ਜੈਪੁਰ, ਬੀਕਾਨੇਰ, ਰਿਵਾੜੀ, ਜੋਧਪੁਰ, ਗੰਗਾਨਗਰ ਦੇ ਰੇਲਵੇ ਸਟੇਸ਼ਨ ਧਮਾਕੇ ਕਰਕੇ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਸ ਮਗਰੋਂ ਸੂਤਰਾਂ ਅਨੁਸਾਰ ਸੁਰੱਖਿਆ ਏਜੰਸੀਆਂ ਨੇ ਰਾਜਸਥਾਨ ਪੁਲਸ ਨੂੰ ਵੀ ਚੌਕਸ ਕਰ ਦਿੱਤਾ ਹੈ। ਧਮਕੀ ਪੱਤਰ ਮਗਰੋਂ ਪੰਜਾਬ ਦੇ ਰੇਲਵੇ ਸਟੇਸ਼ਨਾਂ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ।

## ਸ਼ਰਾਬੀ ਪਤੀ ਨੇ ਪਤਨੀ ਦੀ ਹੱਤਿਆ ਕਰ ਦਿੱਤੀ

ਫਿਰੋਜ਼ਪੁਰ, 17 ਅਪ੍ਰੈਲ (ਪੋਸਟ ਬਿਊਰੋ)- ਪਿੰਡ ਬਜ਼ੀਦਪੁਰ ਵਿਖੇ ਨਸ਼ੇ ਵਿੱਚ ਟੁੰਨ ਇੱਕ ਆਦਮੀ ਨੇ ਸੋਮਵਾਰ ਦੇਰ ਸ਼ਾਮ ਆਪਣੀ ਪਤਨੀ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਮੌਕੇ 'ਤੇ ਪਹੁੰਚੀ ਥਾਣਾ ਕੁਲਗੜ੍ਹੀ ਪੁਲਸ ਨੇ ਕਾਤਲ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ, ਉਸ ਦੇ ਦੋ ਸਾਥੀ ਫਰਾਰ ਦੱਸੇ ਜਾ ਰਹੇ ਹਨ। ਇਸ ਬਾਰੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮ੍ਰਿਤਕਾ ਦੇ ਭਰਾ ਸੰਦੀਪ ਸਿੰਘ ਅਤੇ ਰਿੰਕੂ ਨੇ ਦੱਸਿਆ ਕਿ ਛੇ ਸਾਲ ਪਹਿਲਾਂ ਉਨ੍ਹਾਂ ਦੀ ਭੈਣ ਕਰਮਜੀਤ ਕੌਰ ਦਾ ਵਿਆਹ ਬਜ਼ੀਦਪੁਰ ਦੇ ਜਗਸੀਰ ਸਿੰਘ ਨਾਲ ਹੋਇਆ ਸੀ। ਜਗਸੀਰ ਇੱਟਾਂ ਦੇ ਭੱਠੇ ਉਤੇ ਕੰਮ ਕਰਦਾ ਹੈ ਅਤੇ ਸਮੈਕ, ਸ਼ਰਾਬ ਅਤੇ ਹੋਰ ਨਸ਼ਿਆਂ ਦਾ ਆਦੀ ਹੈ। ਸੋਮਵਾਰ ਆਪਣੇ ਦੋਸਤਾਂ ਨਾਲ ਘਰ ਵਿੱਚ ਨਸ਼ਾ ਕਰ ਰਿਹਾ ਸੀ, ਇਸ ਉਤੇ ਜਦੋਂ ਕਰਮਜੀਤ ਨੇ ਉਨ੍ਹਾਂ ਨੂੰ ਨਸ਼ਾ ਕਰਨ ਤੋਂ ਰੋਕਿਆ ਤਾਂ ਦੋਵਾਂ ਵਿੱਚ ਝਗੜਾ ਹੋ ਗਿਆ ਅਤੇ ਜਗਸੀਰ ਸਿੰਘ ਨੇ ਉਨ੍ਹਾਂ ਦੀ ਭੈਣ ਦੀ ਕੁੱਟ ਕੇ ਕਤਲ ਕਰ ਦਿੱਤਾ। ਕਰਮਜੀਤ ਕੌਰ ਦੀ ਜੇਠਾਣੀ ਪੂਜਾ ਨੇ ਦੱਸਿਆ ਕਿ ਉਸ ਦਾ ਦਿਓਰ ਨਸ਼ੇ ਦਾ ਆਦੀ ਸੀ, ਇਸੇ ਗੱਲ ਨੂੰ ਲੈ ਕੇ ਪਤੀ ਪਤਨੀ ਵਿੱਚ ਝਗੜਾ ਹੋ ਰਿਹਾ ਸੀ, ਜਗਸੀਰ ਵੱਲੋਂ ਸਿਰ ਤੋਂ ਫੜ ਕੇ ਜਦੋਂ ਕਰਮਜੀਤ ਨੂੰ ਕੁੱਟਿਆ-ਮਾਰਿਆ ਜਾ ਰਿਹਾ ਸੀ ਤਾਂ ਉਸ ਦੀ ਗਰਦਨ ਦੀ ਹੱਡੀ ਟੁੱਟ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

## ਉਲੰਘਣਾ ਲਈ ਬਲਜਿੰਦਰ ਕੌਰ ਤੇ ਲੰਬੀ ਦੀ ਕਾਂਗਰਸ ਕਮੇਟੀ ਨੂੰ ਨੋਟਿਸ



ਮੰਡੀ ਕਿੱਲਿਆਂਵਾਲੀ, 17 ਅਪ੍ਰੈਲ (ਪੋਸਟ ਬਿਊਰੋ)- ਸਿਆਸੀ ਲੀਡਰਾਂ ਦੀ ਬੇਲਗਾਮ ਉਡਾਰੀ ਰੋਕਣ ਲਈ ਚੋਣ ਕਮਿਸ਼ਨ ਸਖਤੀ ਵਰਤਣ ਲੱਗ ਪਿਆ ਹੈ। ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ 'ਚ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਤੇ ਹਲਕਾ ਲੰਬੀ ਦੀ ਕਾਂਗਰਸ ਕਮੇਟੀ ਵੀ ਘਿਰ ਗਏ ਹਨ। ਹਲਕਾ ਲੰਬੀ ਦੇ ਸਹਾਇਕ ਰਿਟਰਨਿੰਗ ਅਫਸਰ ਨੇ ਦੋਵੇਂ ਧਿਰਾਂ ਨੂੰ ਦੋ ਵੱਖ-ਵੱਖ ਨੋਟਿਸ ਜਾਰੀ ਕੀਤੇ ਹਨ।

ਪ੍ਰੋ. ਬਲਜਿੰਦਰ ਕੌਰ ਨੂੰ ਜਾਰੀ ਨੋਟਿਸ ਵਿੱਚ ਪਿੰਡ ਲੰਬੀ ਵਿਖੇ ਚੋਣ ਕਮਿਸ਼ਨ ਦੀ ਬਿਨਾਂ ਮਨਜ਼ੂਰੀ ਤੋਂ ਘਰ ਅੱਗੇ ਟੈਂਟ ਲਾ ਕੇ ਮੀਟਿੰਗ ਕਰਨ ਦਾ ਦੋਸ਼ ਹੈ। ਵਰਨਣ ਯੋਗ ਹੈ ਕਿ ਪ੍ਰੋ. ਬਲਜਿੰਦਰ ਕੌਰ ਨੇ ਲੰਬੀ ਵਿਖੇ ਵਰਕਰਾਂ ਨਾਲ ਸੰਪਰਕ ਮੀਟਿੰਗ ਕੀਤੀ ਸੀ, ਜਿਸ ਵਿੱਚ ਕਰੀਬ 65 ਵਰਕਰ ਸ਼ਾਮਲ ਹੋਏ ਸਨ।

ਇਸ ਤੋਂ ਇਲਾਵਾ ਏ ਆਰ ਓ ਲੰਬੀ ਨੇ ਹਲਕਾ ਕਾਂਗਰਸ ਕਮੇਟੀ ਲੰਬੀ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਉਸ ਉਪਰ ਬਿਨਾਂ ਮਨਜ਼ੂਰੀ ਦੇ ਗੁਰਦੁਆਰਾ ਸਾਹਿਬ ਵਿਖੇ ਸਿਆਸੀ ਚੋਣ ਪ੍ਰਚਾਰ ਕਰਨ ਦਾ ਦੋਸ਼ ਹੈ। ਨਿਯਮਾਂ ਅਨੁਸਾਰ ਕਿਸੇ ਧਾਰਮਿਕ ਸਥਾਨ ਨੂੰ ਚੋਣ ਪ੍ਰਚਾਰ ਲਈ ਨਹੀਂ ਵਰਤਿਆ ਜਾ ਸਕਦਾ। ਚੋਣ ਕਮਿਸ਼ਨ ਦੇ ਨਿਯਮਾਂ ਅਨੁਸਾਰ ਸਿਆਸੀ ਮੰਤਵਾਂ ਲਈ ਧਾਰਮਿਕ ਥਾਵਾਂ ਦੀ ਵਰਤੋਂ ਵੱਡੀ ਉਲੰਘਣਾ ਮੰਨੀ ਜਾਂਦੀ ਹੈ। ਕੱਲ੍ਹ ਲੰਬੀ ਹਲਕੇ ਦੀ ਕਾਂਗਰਸ ਲੀਡਰਸ਼ਿਪ ਬਠਿੰਡਾ ਤੋਂ ਕਾਂਗਰਸ ਦੇ ਅਣਐਲਾਨੇ ਉਮੀਦਵਾਰ ਲਈ ਓਥੇ ਆਈ ਅਤੇ ਕੰਦੂਖੇੜਾ ਦੇ ਗੁਰਦੁਆਰੇ ਵਿੱਚ ਅਰਦਾਸ ਕਰਨ ਪਿੱਛੋਂ ਵੱਖ-ਵੱਖ ਪਿੰਡਾਂ 'ਚ ਵਰਕਰਾਂ ਮੀਟਿੰਗਾਂ ਕੀਤੀਆਂ ਸਨ।

ਪ੍ਰੋ. ਬਲਜਿੰਦਰ ਕੌਰ ਦਾ ਕਹਿਣਾ ਸੀ ਕਿ ਅਜੇ ਉਨ੍ਹਾਂ ਨੂੰ ਨੋਟਿਸ ਮਿਲਿਆ ਨਹੀਂ, ਉਹ ਤਾਂ ਵਰਕਰਾਂ ਦੇ ਸੱਦੇ 'ਤੇ ਲੰਬੀ ਗਏ ਸੀ, ਜੇ ਉਸ ਮੌਕੇ ਭੁੱਲ ਭੁਲੇਖੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਹੋਈ ਹੈ ਤਾਂ ਖਿਮਾ ਦੇ ਯਾਚਕ ਹਨ।

## ਭਾਜਪਾ ਨੇ ਆਪਣੇ ਪ੍ਰੋਗਰਾਮ ਵਿੱਚ ਆਣ ਵੜੇ ਅਕਾਲੀ ਆਗੂਆਂ ਨੂੰ ਬਾਹਰ ਕਰ ਦਿੱਤਾ

ਬਠਿੰਡਾ, 17 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਬਿਲਕੁਲ ਸਿਰ 'ਤੇ ਹੋਣ ਦੇ ਬਾਵਜੂਦ ਅਕਾਲੀ ਭਾਜਪਾ ਗੱਠਜੋੜ ਵਿੱਚ ਮੱਤਭੇਦ ਜਾਰੀ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਲਗਾਤਾਰ ਵਿਰੋਧੀਆਂ ਉੱਤੇ ਗੋਲੇ ਦਾਗ ਰਹੀ ਹੈ, ਪਰ ਉਨ੍ਹਾਂ ਦੇ ਆਪਣੇ ਸਹਿਯੋਗੀ ਉਨ੍ਹਾਂ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੋ ਰਹੇ। ਕੱਲ੍ਹ ਅਜਿਹਾ ਨਜ਼ਾਰਾ ਉਸ ਵੇਲੇ ਦੇਖਣ ਨੂੰ ਮਿਲਿਆ, ਜਦ ਲੋਕ ਸਭਾ ਚੋਣਾਂ ਲਈ ਭਾਜਪਾ ਵੱਲੋਂ ਕੀਤੀ ਪਹਿਲੀ ਬੈਠਕ ਵਿੱਚੋਂ ਅਕਾਲੀ ਨੇਤਾਵਾਂ ਨੂੰ ਬਾਹਰ ਕੱਢ ਦਿੱਤਾ ਗਿਆ। ਇਹੀ ਨਹੀਂ ਹਰਸਿਮਰਤ ਕੌਰ ਬਾਦਲ ਦੀ ਮੌਜੂਦਗੀ ਵਿੱਚ ਅਕਾਲੀ ਦਲ ਦੇ ਮੇਅਰ ਬਲਵੰਤ ਰਾਏ ਨਾਥ ਨੂੰ ਕੁਰਸੀ ਤੱਕ ਨਹੀਂ ਦਿੱਤੀ ਗਈ ਅਤੇ ਉਨ੍ਹਾਂ ਨੂੰ ਭਾਜਪਾ ਨੇਤਾਵਾਂ ਦੇ ਪਿੱਛੇ ਇਕ ਕੋਨੇ ਵਿੱਚ ਖੜਾ ਹੋਣਾ ਪਿਆ। ਇਸ ਬੈਠਕ ਵਿੱਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਾਢੇ 10 ਵਜੇ ਪਹੁੰਚਣਾ ਸੀ, ਪਰ ਸਾਢੇ 11 ਵਜੇ ਪੁੱਜੀ। ਉਸ ਦੇ ਪਹੁੰਚਣ ਤੋਂ ਪਹਿਲਾ ਹੀ ਕਈ ਅਕਾਲੀ ਨੇਤਾ ਪ੍ਰੋਗਰਾਮ ਵਿੱਚ ਪਹੁੰਚ ਗਏ ਸਨ।

## ਰਿਸ਼ਵਤ ਲੈਂਦੇ ਪਟਵਾਰੀ ਤੇ ਉਸ ਦੇ ਕਰਿੰਦੇ ਨੂੰ ਵਿਜੀਲੈਂਸ ਬਿਊਰੋ ਨੇ ਦਬੋਚਿਆ

ਜਲੰਧਰ, 17 ਅਪ੍ਰੈਲ (ਪੋਸਟ ਬਿਊਰੋ)- ਪਟਵਾਰੀ ਹਰਵਿੰਦਰ ਸਿੰਘ ਹਲਕਾ ਗੜ੍ਹਾ ਤੇ ਇਸ ਦੇ ਕਰਿੰਦੇ ਡੋਨਲ ਤਨੇਜਾ ਨੂੰ 19 ਹਜ਼ਾਰ ਰੁਪਏ ਰਿਸ਼ਵਤ ਲੈਣ ਵੇਲੇ ਵਿਜੀਲੈਂਸ ਬਿਊਰੋ ਜਲੰਧਰ ਦੇ ਡੀ ਐੱਸ ਪੀ ਨਿਰੰਜਨ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਟਰੈਪ ਲਾ ਕੇ ਰੰਗੇ ਹੱਥੀਂ ਫੜ ਲਿਆ ਹੈ।



ਇਸ ਸੰਬੰਧ ਵਿੱਚ ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਰਾਜ ਕੁਮਾਰ ਵਾਸੀ ਫਗਵਾੜੀ ਮੁਹੱਲਾ, ਜਲੰਧਰ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਪਿਤਾ ਫਕੀਰ ਚੰਦ ਨੇ ਸਾਲ 1990 ਵਿੱਚ ਪਿੰਡ ਗੜ੍ਹਾ 'ਚ ਇੱਕ ਮਕਾਨ ਖਰੀਦਿਆ ਸੀ ਤੇ ਸਾਲ 1992 ਵਿੱਚ ਫਕੀਰ ਚੰਦ ਦੀ ਮੌਤ ਹੋ ਗਈ ਸੀ। ਮਕਾਨ ਦੀ ਰਜਿਸਟਰੀ ਫਕੀਰ ਚੰਦ ਦੇ ਨਾਂਅ ਸੀ। ਸ਼ਿਕਾਇਤ ਕਰਤਾ ਅਨੁਸਾਰ ਉਸ ਦੇ ਭਰਾਵਾਂ ਨੇ ਆਪਣੇ ਵੱਖ-ਵੱਖ ਮਕਾਨ ਬਣਾ ਲਏ ਸਨ ਤੇ ਉਸ ਨੇ ਆਪਣੇ ਪਿਤਾ ਦੇ ਇਸ ਮਕਾਨ ਦਾ ਇੰਤਕਾਲ ਆਪਣੇ ਨਾਂਅ ਚੜ੍ਹਵਾਉਣ ਲਈ ਆਪਣੇ ਪਰਵਾਰ ਨਾਲ ਸਲਾਹ ਕਰ ਕੇ ਉਸ ਦੀ ਅਰਜ਼ੀ ਤਹਿਸੀਲਦਾਰ ਤੋਂ ਮਾਰਕ ਕਰਵਾ ਕੇ ਇਲਾਕੇ ਦੇ ਪਟਵਾਰੀ ਹਰਵਿੰਦਰ ਸਿੰਘ ਨੂੰ ਦਿੱਤੀ ਸੀ। ਪਟਵਾਰੀ ਨੇ ਉਸ ਨੂੰ ਕਿਹਾ ਕਿ ਉਸ ਮਕਾਨ ਦਾ ਇੰਤਕਾਲ ਅਜੇ ਤੇਰੇ ਪਿਤਾ ਦੇ ਨਾਂਅ ਨਹੀਂ ਚੜ੍ਹਿਆਮ ਇਸ ਲਈ ਪਹਿਲਾਂ ਇੰਤਕਾਲ ਤੇਰੇ ਪਿਤਾ ਦੇ ਨਾਂਅ ਚੜ੍ਹੇਗਾ ਅਤੇ ਫਿਰ ਸਾਰੇ ਵਾਰਸਾਂ ਦੇ ਨਾਂਅ ਵਿਰਾਸਤੀ ਇੰਤਕਾਲ ਦਰਜ ਹੋਵੇਗਾ। ਇਸ ਤੋਂ ਬਾਅਦ ਸ਼ਿਕਾਇਤ ਕਰਤਾ ਨੇ ਪਟਵਾਰੀ ਨੂੰ ਉਸ ਦਾ ਕੰਮ ਕਰਨ ਦੀ ਬੇਨਤੀ ਕੀਤੀ ਤਾਂ ਪਟਵਾਰੀ ਨੇ ਕਿਹਾ ਕਿ ਇਸ ਬਾਰੇ ਉਸ ਦੇ ਪ੍ਰਾਈਵੇਟ ਕਾਰਿੰਦੇ ਡੋਨਲ ਤਨੇਜਾ ਨਾਲ ਗੱਲ ਕਰੋ। ਜਦੋਂ ਉਹ ਡੋਨਲ ਨੂੰ ਮਿਲਿਆ ਤਾਂ ਉਹ ਪਟਵਾਰੀ ਦੇ ਟੇਬਲ ਉੱਤੇ ਬੈਠਾ ਸਰਕਾਰੀ ਕੰਮ ਕਰ ਰਿਹਾ ਸੀ। ਉਸ ਨੇ ਸ਼ਿਕਾਇਤ ਕਰਤਾ ਨੂੰ ਕਿਹਾ ਕਿ ਤੁਹਾਡੇ ਕੰਮ ਲਈ ਡੇਢ ਲੱਖ ਰੁਪਏ ਲੱਗਣਗੇ। ਰਾਜ ਕੁਮਾਰ ਨੇ ਮਿੰਨਤਾਂ ਕੀਤੀਆਂ ਤਾਂ ਡੀਲ 80 ਹਜ਼ਾਰ ਵਿੱਚ ਹੋਈ। ਰਾਜ ਕੁਮਾਰ ਨੇ ਡੋਨਲ ਨੂੰ 20-20 ਹਜ਼ਾਰ ਰੁਪਏ ਦੀਆਂ ਚਾਰ ਕਿਸ਼ਤਾਂ 'ਚ ਪੈਸੇ ਦੇਣੇ ਤੈਅ ਕੀਤੇ। ਫਿਰ ਉਸ ਨੇ ਆਪਣੀ ਅਰਜ਼ੀ ਡੋਨਲ ਨੂੰ ਦੇ ਦਿੱਤੀ ਤੇ ਨਾਲ ਇੱਕ ਹਜ਼ਾਰ ਰੁਪਏ ਐਡਵਾਂਸ ਦਿੱਤੇ। ਬਾਕੀ ਦੇ ਪਹਿਲੀ ਕਿਸ਼ਤ ਦੇ 19 ਹਜ਼ਾਰ ਰੁਪਏ ਪਿੱਛੋਂ ਦੇਣੇ ਤੈਅ ਹੋਏ। ਇਸ ਦੀ ਸ਼ਿਕਾਇਤ ਵਿਜੀਲੈਂਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਕੱਲ੍ਹ ਵਿਜੀਲੈਂਸ ਨੇ ਟਰੈਪ ਲਾ ਕੇ ਪਟਵਾਰੀ ਅਤੇ ਉਸ ਦੇ ਕਰਿੰਦੇ ਨੂੰ 19 ਹਜ਼ਾਰ ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਕੇ ਮੁਲਜ਼ਮਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਇੰਡੈਵਰ ਵਿੱਚੋਂ ਇਕ ਕਰੋੜ ਰੁਪਏ ਦੀ ਨਕਦੀ ਫੜੀ

ਰਾਜਪੁਰਾ, 17 ਅਪ੍ਰੈਲ (ਪੋਸਟ ਬਿਊਰੋ)- ਪਟਿਆਲਾ ਪੁਲਸ ਨੇ ਕੱਲ੍ਹ ਸ਼ਾਮ ਜੀ ਟੀ ਰੋਡ ਰਾਜਪੁਰਾ ਤੋਂ ਇਕ ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਇਹ ਰਕਮ ਦੇਹਰਾਦੂਨ ਤੋਂ ਪੰਜਾਬ ਦੇ ਕਿਸੇ ਇਲਾਕੇ ਵਿੱਚ ਪਹੁੰਚਣੀ ਸੀ, ਪ੍ਰੰਤੂ ਜਿਹੜੇ ਵਿਅਕਤੀਆਂ ਕੋਲੋਂ ਇਹ ਬਰਾਮਦ ਹੋਈ ਹੈ, ਉਹ ਇਸ ਦਾ ਸਰੋਤ ਨਹੀਂ ਦੱਸ ਸਕੇ, ਜਿਸ ਕਰਕੇ ਨਕਦੀ ਜ਼ਬਤ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ। ਐਸ ਪੀ ਰਵਜੋਤ ਗਰੇਵਾਲ ਨੇ ਦੱਸਿਆ ਕਿ ਪੁਲਸ ਨੇ ਇਹ ਸ਼ੱਕੀ ਨਕਦੀ ਜ਼ਬਤ ਕਰਕੇ ਆਮਦਨ ਟੈਕਸ ਵਿਭਾਗ ਦੇ ਨੋਡਲ ਅਫਸਰ ਨੂੰ ਸੂਚਿਤ ਕਰ ਦਿੱਤਾ ਹੈ। ਇਹ ਰਾਸ਼ੀ ਉਤਰਾਖੰਡ ਦੇ ਨੰਬਰ ਵਾਲੀ ਫੋਰਡ ਇੰਡੈਵਰ ਗੱਡੀ 'ਚ ਦੋ ਜਣੇ ਬਿਨਾਂ ਕਿਸੇ ਯੋਗ ਦਸਤਾਵੇਜ਼ ਦੇ ਲੈ ਕੇ ਪੰਜਾਬ ਆ ਰਹੇ ਸਨ, ਜਿਨ੍ਹਾਂ ਦੀ ਪਛਾਣ ਸੰਦੀਪ ਜੇਠੀ ਅਤੇ ਬਲਬੀਰ ਸਿੰਘ ਵਾਸੀ ਦੇਹਰਾਦੂਨ ਵਜੋਂ ਹੋਈ ਹੈ, ਜੋ ਆਪਣੇ ਆਪ ਨੂੰ ਵਪਾਰੀ ਦੱਸਦੇ ਸਨ।

## ਲੁਧਿਆਣਾ ਵਿੱਚ ਛੇ ਪਤੀਆਂ ਨੂੰ ਲੁੱਟ ਕੇ ਠੱਗ ਲਾੜੀ ਫਰਾਰ

ਲੁਧਿਆਣਾ, 17 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਦੀ ਲੁਟੇਰਨ ਲਾੜੀ ਨੇ ਕਰੀਬ ਅੱਧੀ ਦਰਜਨ ਨੌਜਵਾਨਾਂ ਨੂੰ ਪਿਆਰ ਵਿੱਚ ਫਸਾ ਕੇ ਵਿਆਹ ਕੀਤਾ ਤੇ ਲੱਖਾਂ ਰੁਪਏ ਠੱਗ ਲਏ ਅਤੇ ਖੁਦ ਠੱਗੀ ਦੇ ਬਾਅਦ ਪਤੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ। ਤੀਸਰੇ ਪਤੀ ਨੂੰ ਉਸ ਦਾ ਪੁਰਾਣਾ ਆਧਾਰ ਕਾਰਡ ਮਿਲਿਆ ਤਾਂ ਪਰਦਾ ਫਾਸ਼ ਹੋ ਗਿਆ। ਮਹਿਲਾ ਦੇ ਤਿੰਨੇ ਸਾਬਕਾ ਪਤੀ ਮਿਲੇ ਅਤੇ ਵੂਮੈਨ ਸੈੱਲ ਪਹੁੰਚ ਗਏ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਿੰਡ ਢੱਡਰੀਆਂ ਜ਼ਿਲ੍ਹਾ ਸੰਗਰੂਰ ਦੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 2018 ਵਿੱਚ ਉਸ ਨੂੰ ਇੱਕ ਲੜਕੀ ਨਾਲ ਪਿਆਰ ਹੋ ਗਿਆ, ਜਿਸ ਨੇ ਖੁਦ ਨੂੰ ਕੁਆਰੀ ਦੱਸਿਆ ਸੀ। ਦੋਵਾਂ ਨੇ ਵੀਹ ਜੁਲਾਈ 2018 ਨੂੰ ਵਿਆਹ ਕਰ ਲਿਆ, ਪਰ ਕੁਝ ਸਮੇਂ ਬਾਅਦ ਉਸ ਨੇ ਝਗੜਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਨੂੰ ਜਬਰਦਸਤੀ ਲੁਧਿਆਣਾ ਲੈ ਆਈ। ਢਡਰੀਆਂ ਵਿੱਚ ਉਹ ਆਪਣੇ ਪਿਤਾ ਨਾਲ ਸੋਨੇ ਦੇ ਗਹਿਣੇ ਬਣਾਉਣ ਦਾ ਕੰਮ ਕਰਦਾ ਸੀ ਅਤੇ ਲੁਧਿਆਣਾ ਆ ਕੇ ਕੰਮ ਦੀ ਤਲਾਸ਼ ਕਰਨ ਲੱਗਾ। ਦੋ ਮਹੀਨੇ ਨਹੀਂ ਹੋਏ ਸਨ ਕਿ ਉਹ ਫਿਰ ਝਗੜਾ ਕਰਨ ਲੱਗੀ। ਓਦੋਂ ਤੱਕ ਉਨ੍ਹਾਂ ਨੇ ਸ਼ਹਿਰ ਵਿੱਚ ਚਾਰ ਲੱਖ ਰੁਪਏ ਦਾ ਪਲਾਟ ਖਰੀਦਣ ਦਾ ਸੌਦਾ ਕਰ ਲਿਆ ਸੀ। ਇਸ ਦੇ ਲਈ ਉਸ ਦੇ ਘਰ ਦਿਆਂ ਨੇ ਉਸ ਨੂੰ 1.30 ਲੱਖ ਰੁਪਏ ਭੇਜੇ ਸਨ। ਜੋ ਕਿ ਉਸਦੀ ਪਤਨੀ ਝਗੜਾ ਕਰਕੇ ਲੈ ਕੇ ਫਰਾਰ ਹੋ ਗਈ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com

Multi Award Winner Realtor

CENTURY 21 PRESIDENT

KAMAL SANDHU
Sales Representative
647.891.0143
905.488.2100 ext. 407



## ਸੱਜਣ ਕੁਮਾਰ ਨੂੰ ਜੇਲ੍ਹ ਵਿੱਚ ਮਾਲੀ ਦਾ ਕੰਮ ਦਿੱਤਾ ਗਿਆ

ਨਵੀਂ ਦਿੱਲੀ, 17 ਅਪ੍ਰੈਲ (ਪੋਸਟ ਬਿਊਰੋ)- ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਮੰਨੇ ਜਾ ਚੁੱਕੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜੇਲ੍ਹ ਵਿੱਚ ਮਾਲੀ ਦਾ ਕੰਮ ਮਿਲ ਗਿਆ ਹੈ। ਦਿੱਲੀ ਦੀ ਤਿਹਾੜ ਜੇਲ੍ਹ ਦੇ ਮੰਡੋਲੀ ਵਿੱਚ ਨਵੇਂ ਉਸਾਰੇ ਗਏ ਅਹਾਤੇ ਵਿੱਚ ਸੱਜਣ ਕੁਮਾਰ (73) ਨੂੰ ਇਸ ਜੇਲ੍ਹ ਦੇ ਮਾਲੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਕੈਦੀਆਂ ਤੋਂ ਹਲਕਾ ਫੁਲਕਾ ਕੰਮ ਲਿਆ ਜਾਂਦਾ ਹੈ ਅਤੇ ਇਹ ਜੇਲ੍ਹ ਵਿੱਚ ਹਰਿਆਲੀ ਕਾਇਮ ਰੱਖਣ ਲਈ ਬੂਟਿਆਂ ਦੀ ਸਾਂਭ ਸੰਭਾਲ ਕਰਦੇ ਅਤੇ ਉਨ੍ਹਾਂ ਨੂੰ ਪਾਣੀ ਪਾਉਂਦੇ ਹਨ। ਦਿੱਲੀ ਛਾਉਣੀ ਦੇ ਰਾਜਨਗਰ ਇਲਾਕੇ ਵਿੱਚ ਇਕ ਅਤੇ ਦੋ ਨਵੰਬਰ 1984 ਨੂੰ ਪੰਜ ਲੋਕਾਂ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਸਜ਼ਾ ਮਿਲਣ ਪਿੱਛੋਂ ਸੱਜਣ ਕੁਮਾਰ ਨੇ ਤਿੰਨ ਮਹੀਨੇ ਪਹਿਲਾਂ ਦਿੱਲੀ ਹਾਈ ਕੋਰਟ ਅੱਗੇ ਆਤਮ ਸਮਰਪਣ ਕੀਤਾ ਸੀ, ਪਰ ਉਸ ਨੂੰ ਇਹ ਕੰਮ ਤਿੰਨ ਮਹੀਨੇ ਬਾਅਦ ਮਿਲਿਆ ਹੈ।

## ਨੇਪਾਲ ਦੀ 'ਨਮਸਤੇ' ਫੋਨ ਸਰਵਿਸ ਤੋਂ ਭਾਰਤ ਦੀ ਸੁਰੱਖਿਆ ਲਈ ਖ਼ਤਰਾ

ਸਿਧਾਰਥਨਗਰ, 17 ਅਪ੍ਰੈਲ (ਪੋਸਟ ਬਿਊਰੋ)- ਭਾਰਤ-ਨੇਪਾਲ ਸਰਹੱਦ ਉੱਤੇ ਭਾਰਤੀ ਮੋਬਾਈਲ ਸੇਵਾ ਨਾਲ ਗੱਲ ਕਰਨੀ ਔਖੀ ਹੈ। ਨੇਪਾਲ ਦੀ ਮੋਬਾਈਲ ਕੰਪਨੀ 'ਨਮਸਤੇ' ਦਾ ਨੈੱਟਵਰਕ ਭਾਰਤ ਵਿੱਚ ਦੋ ਤੋਂ ਤਿੰਨ ਕਿਲੋਮੀਟਰ ਤਕ ਐਕਟਿਵ ਹੋਣ ਕਰ ਕੇ ਇਹ ਸੁਰੱਖਿਆ ਦੇ ਪੱਖੋਂ ਠੀਕ ਨਹੀਂ ਗਿਣਿਆ ਜਾਂਦਾ। ਸੁਰੱਖਿਆ ਏਜੰਸੀਆਂ ਇਸ ਤੋਂ ਚਿੰਤਤ ਹਨ। ਉਨ੍ਹਾਂ ਦੀ ਸੋਚ ਹੈ ਕਿ ਜੇ ਕੋਈ ਘਟਨਾ ਹੋ ਜਾਵੇ ਤਾਂ ਉਸ ਦੀ ਤਹਿ ਤਕ ਪਹੁੰਚਣਾ ਮੁਸ਼ਕਲ ਹੋ ਜਾਂਦਾ ਹੈ।

ਵਰਨਣ ਯੋਗ ਹੈ ਕਿ ਭਾਰਤ ਵਿੱਚ ਨੈੱਟਵਰਕ ਬਿਹਤਰ ਕਰਨ ਲਈ 2015 ਵਿੱਚ ਐੱਸ ਐੱਸ ਬੀ (ਹਥਿਆਰਬੰਦ ਸੀਮਾ ਫੋਰਸ) ਅਤੇ ਟੈਲੀਕਾਮ ਕਾਰਪੋਰੇਸ਼ਨ ਨੇ ਕੋਸ਼ਿਸ਼ ਕੀਤੀ ਸੀ। ਦੋਵਾਂ ਨੇ ਹੈੱਡਕੁਆਰਟਰ ਨੂੰ ਪੱਤਰ ਲਿਖਿਆ ਤਾਂ ਇਸ ਮਗਰੋਂ ਸਰਹੱਦੀ ਖੇਤਰਾਂ ਦੇ ਨਵੇਂ ਬੀ ਟੀ ਐੱਸ ਲਾਉਣ ਅਤੇ ਪੁਰਾਣੇ ਬੀ ਟੀ ਐੱਸ ਦੀ ਸਮਰੱਥਾ ਵਧਾਉਣ ਦੀ ਆਗਿਆ ਮਿਲ ਗਈ ਸੀ। ਛੇ ਨਵੇਂ ਬੀ ਟੀ ਐੱਸ



ਲਾਏ ਗਏ, ਪਰ ਇਸ ਨਾਲ ਵੀ ਨੈੱਟਵਰਕ ਠੀਕ ਕੰਮ ਨਹੀਂ ਕਰ ਰਿਹਾ। ਸਰਹੱਦੀ ਖੇਤਰਾਂ ਦੇ ਲੋਕ ਨੇਪਾਲ ਦੀ ਪ੍ਰਮੁੱਖ ਮੋਬਾਈਲ ਕੰਪਨੀ 'ਨਮਸਤੇ' ਦੇ ਸਿਮ ਨਾਲ ਕੰਮ ਸਾਰਦੇ ਹਨ। ਉੱਤਰ ਪ੍ਰਦੇਸ਼ ਦਾ ਕੋਈ ਵੀ ਸਰਹੱਦੀ ਜ਼ਿਲ੍ਹਾ ਹੋਵੇ, ਹਰ ਥਾਂ ਸਥਿਤੀ ਇਕੋ ਜਿਹੀ ਹੈ।

ਸਿਰਫ਼ ਸਿਧਾਰਥਨਗਰ ਜ਼ਿਲ੍ਹੇ ਦੇ ਮੋਹਾਨਾ, ਕਪਿਲਵਸਤੂ, ਸ਼ੋਹਰਤਗੜ੍ਹ, ਚਿਲਹੀਆਂ ਅਤੇ ਢੇਬਰੂਆ ਥਾਣੇ ਦੇ 53 ਪਿੰਡ ਅਜਿਹੇ ਹਨ, ਜਿਥੋਂ ਦੇ ਲੋਕ ਨੇਪਾਲੀ ਮੋਬਾਈਲ ਨੈੱਟਵਰਕ ਦੀ ਸਹੂਲਤ ਲੈਂਦੇ ਹਨ। ਨੈੱਟਵਰਕ ਸਮੱਸਿਆ ਨਾਲ ਸਭ ਤੋਂ ਵੱਧ ਪਰੇਸ਼ਾਨੀ ਹਥਿਆਰਬੰਦ ਫੋਰਸ ਦੇ ਜਵਾਨਾਂ ਨੂੰ ਹੈ। ਉਨ੍ਹਾਂ ਦਾ ਸੰਪਰਕ ਘਰਾਂ ਨਾਲ ਨਹੀਂ ਹੋ ਸਕਦਾ। ਹਾਲਤ ਇਹ ਹੈ ਕਿ ਜਵਾਨ ਸਿਰਫ਼ ਲੈਂਡਲਾਈਨ ਤੋਂ ਸੰਪਰਕ ਕਰਦੇ ਹਨ। ਭਾਰਤ ਟੈਲੀਕਾਮ ਨਿਗਮ ਲਿਮਟਿਡ ਦੇ ਜੇ ਟੀ ਓ ਰਾਜਮਣੀ ਗੁਪਤਾ ਨੇ ਦੱਸਿਆ ਕਿ ਇਥੇ ਬੀ ਐੱਸ ਐੱਨ ਐੱਲ ਦੀ ਨੈੱਟਵਰਕ ਫ੍ਰੀਕੁਐਂਸੀ 3,600 ਤੋਂ 4,200 ਮੈਗਾ ਹਾਰਟਜ਼ ਹੋਣੀ ਚਾਹੀਦੀ ਹੈ, ਪਰ 2100 ਮੈਗਾ ਹਾਰਟਜ਼ ਫ੍ਰੀਕੁਐਂਸੀ ਮਿਲਦੀ ਹੈ। ਐੱਸ ਐੱਸ ਬੀ ਦੇ ਡਿਪਟੀ ਕਮਾਂਡੈਂਟ ਅਮਿਤ ਕੁਮਾਰ ਸਿੰਘ ਨੇ ਕਿਹਾ ਕਿ ਜਵਾਨਾਂ ਨਾਲ ਲੈਂਡਲਾਈਨ ਉੱਤੇ ਹੀ ਗੱਲ ਹੁੰਦੀ ਹੈ, ਹਥਿਆਰਬੰਦ ਸੀਮਾ ਫੋਰਸ ਦੇ ਹੈੱਡਕੁਆਰਟਰ ਤੇ ਸਰਕਾਰ ਨੂੰ ਦੱਸਿਆ ਜਾ ਚੁੱਕਾ ਹੈ। ਏਥੇ ਨੇਪਾਲੀ ਨੈੱਟਵਰਕ ਦਾ ਕੰਟਰੋਲ ਤਦੇ ਸੰਭਵ ਹੈ, ਜਦੋਂ ਨੇਪਾਲ ਕੋਈ ਕਦਮ ਚੁੱਕੇ। ਨੇਪਾਲੀ ਨੈੱਟਵਰਕ ਇਥੇ ਹੋਣ ਨਾਲ ਸੁਰੱਖਿਆ ਦਾ ਖ਼ਤਰਾ ਬਣਿਆ ਰਹਿੰਦਾ ਹੈ ਅਤੇ ਕੋਈ ਰਾਹ ਨਹੀਂ ਨਿਕਲ ਰਿਹਾ।

## ਨੋਟਬੰਦੀ ਦੇ ਬਾਅਦ ਭਾਰਤ ਵਿੱਚ 50 ਲੱਖ ਲੋਕਾਂ ਦੀ ਨੌਕਰੀ ਖੁੱਸ ਗਈ

ਨਵੀਂ ਦਿੱਲੀ, 17 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕਰੀਬ 50 ਲੱਖਾਂ ਲੋਕਾਂ ਨੂੰ ਸਾਲ 2016 ਤੋਂ 2018 ਦੇ ਦੌਰਾਨ ਆਪਣੀਆਂ ਨੌਕਰੀਆਂ ਗੁਆਉਣੀਆਂ ਪਈਆਂ। ਸਾਲ 2016 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਵਿਚ ਨੋਟਬੰਦੀ ਦਾ ਐਲਾਨ ਕੀਤਾ ਤੇ 1000 ਅਤੇ 500 ਰੁਪਏ ਵਾਲੇ ਨੋਟ ਬੰਦ ਕਰ ਦਿੱਤੇ ਸਨ।



ਅਜੀਮ ਪ੍ਰੇਮਜੀ ਯੂਨੀਵਰਸਿਟੀ (ਬੈਂਗਲੁਰੂ) ਵਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਸਾਲ 2016-18 ਦੌਰਾਨ ਕਰੀਬ 50 ਲੱਖ ਲੋਕਾਂ ਦੀ ਨੌਕਰੀ ਖੁੱਸ ਗਈ। ਇਸ ਰਿਪੋਰਟ ਮੁਤਾਬਕ ਨੋਟਬੰਦੀ ਦੇ ਬਾਅਦ ਦੇਸ਼ ਵਿਚ ਸਾਲ 2016 ਦੀ ਤੀਸਰੀ ਤਿਮਾਹੀ (ਸਤੰਬਰ ਤੋਂ ਦਸੰਬਰ 2016) ਵਿਚਾਲੇ ਲੇਬਰ ਭਾਈਵਾਲੀ ਫੋਰਸ ਵਿਚ ਸ਼ਹਿਰੀ ਅਤੇ ਪੇਂਡੂ ਲੋਕਾਂ ਦਾ ਹਿੱਸਾ ਅਚਾਨਕ ਘਟਣ ਲੱਗ ਪਿਆ। ਇਸ ਦਾ ਮਤਲਬ ਹੈ ਕਿ ਸਤੰਬਰ 2016 ਵਿੱਚ ਨੌਕਰੀਆਂ ਵਿੱਚ ਕਮੀ ਆਉਣ ਲੱਗ ਪਈ। ਸਾਲ 2017 ਦੀ ਦੂਸਰੀ ਤਿਮਾਹੀ ਵਿੱਚ ਇਹ ਰਫਤਾਰ ਥੋੜ੍ਹੀ ਘਟੀ, ਪਰ ਬਾਅਦ ਵਿਚ ਨੌਕਰੀਆਂ ਦੀ ਗਿਣਤੀ ਵਿਚ ਲਗਾਤਾਰ ਕਮੀ ਆਉਂਦੀ ਗਈ ਤੇ ਇਸ ਤੋਂ ਬਾਅਦ ਇਸ ਵਿੱਚ ਕੋਈ ਸੁਧਾਰ ਹੁੰਦਾ ਨਹੀਂ ਦੇਖਿਆ ਗਿਆ। ਭਾਰਤ ਵਿੱਚ ਬੇਰੋਜ਼ਗਾਰੀ ਦੀ ਦਰ ਸਾਲ 2018 ਵਿੱਚ ਵਧ ਕੇ ਸਭ ਤੋਂ ਵੱਧ 6 ਫੀਸਦੀ ਹੋ ਗਈ। ਇਹ ਸਾਲ 2000 ਤੋਂ ਸਾਲ 2010 ਦੇ ਦਹਾਕੇ ਵਾਲੀ ਦਰ ਤੋਂ ਦੁੱਗਣੀ ਹੈ। ਰਿਪੋਰਟ ਦੱਸਦੀ ਹੈ ਕਿ ਪਿਛਲੇ ਦਹਾਕੇ ਵਿੱਚ ਭਾਰਤ ਵਿਚ ਬੇਰੋਜ਼ਗਾਰੀ ਦੀ ਦਰ ਲਗਾਤਾਰ ਵਧੀ ਹੈ। ਸਾਲ 2016 ਦੇ ਬਾਅਦ ਇਹ ਉੱਚ ਪੱਧਰ ਨੂੰ ਪਹੁੰਚ ਗਈ। ਨੌਕਰੀਆਂ ਵਿੱਚ ਗਿਰਾਵਟ ਦੀ ਸ਼ੁਰੂਆਤ ਨੋਟਬੰਦੀ ਨਾਲ ਹੋਈ ਸੀ। ਪਿਛਲੇ ਤਿੰਨ ਸਾਲਾਂ ਵਿੱਚੋਂ ਜਨਵਰੀ-ਅਪ੍ਰੈਲ 2016 ਤੋਂ ਸਤੰਬਰ-ਦਸੰਬਰ 2018 ਤੱਕ ਸ਼ਹਿਰੀ ਮਰਦ ਰੁਜ਼ਗਾਰ ਦਰ 5.8 ਫੀਸਦੀ ਤੱਕ ਡਿੱਗ ਗਈ।

ਇਸ ਦੇ ਨਾਲ ਹੀ ਨੋਟਬੰਦੀ ਕਾਰਨ ਭਵਿੱਖ ਲਈ ਨੌਕਰੀਆਂ ਦਾ ਸੰਕਟ ਦੀ ਗੱਲ ਕਹੀ ਗਈ ਹੈ। ਇਸ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਹਾਲੇ ਤੱਕ ਨੋਟਬੰਦੀ ਦੇ ਬਾਅਦ ਬਣੇ ਹਾਲਾਤਾਂ ਵਿਚ ਸੁਧਾਰ ਨਹੀਂ ਹੋਇਆ। ਰਿਪੋਰਟ ਮੁਤਾਬਕ 20-24 ਉਮਰ ਵਰਗ ਵਿੱਚ ਸਭ ਤੋਂ ਵੱਧ ਬੇਰੋਜ਼ਗਾਰੀ ਹੈ ਅਤੇ ਨੋਟਬੰਦੀ ਨਾਲ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਪ੍ਰਭਾਵਿਤ ਹੋਈਆਂ ਹਨ। ਭਾਰਤ ਵਿਚ ਗੈਰ ਜਥੇਬੰਦ ਖੇਤਰ ਨੂੰ ਨੋਟਬੰਦੀ ਅਤੇ ਜੀ ਐੱਸ ਟੀ ਦੀ ਸਭ ਤੋਂ ਵੱਧ ਮਾਰ ਪਈ ਹੈ। ਇਸ ਸੈਕਟਰ ਨਾਲ ਜੁੜੇ ਲੋਕਾਂ ਦੀਆਂ ਸਭ ਤੋਂ ਵੱਧ ਨੌਕਰੀਆਂ ਖੁੱਸੀਆਂ ਹਨ। ਰੋਜ਼ਗਾਰ ਅਤੇ ਮਜ਼ਦੂਰੀ ਉੱਤੇ 'ਸਟੇਟ ਆਫ ਵਰਕਿੰਗ ਇੰਡੀਆ 2019' ਦੀ ਰਿਪੋਰਟ ਅਨੁਸਾਰ 20-24 ਉਮਰ ਵਰਗ ਵਿੱਚ ਸਭ ਤੋਂ ਵੱਧ ਬੇਰੋਜ਼ਗਾਰੀ ਹੈ। ਇਹ ਗੰਭੀਰ ਚਿੰਤਾ ਦਾ ਕਾਰਨ ਇਸ ਕਰ ਕੇ ਹੈ ਕਿ ਇਹ ਨੌਜਵਾਨ ਦੇਸ਼ ਦਾ ਭਵਿੱਖ ਹਨ ਤੇ ਨੌਜਵਾਨ ਵਰਕਰਾਂ ਦਾ ਵਰਗ ਹੈ। ਇਹ ਸ਼ਹਿਰੀ ਅਤੇ ਪੇਂਡੂ ਖੇਤਰ ਦੇ ਮਰਦਾਂ ਅਤੇ ਔਰਤਾਂ ਦੇ ਵਰਗ ਉੱਤੇ ਵੀ ਲਾਗੂ ਹੁੰਦਾ ਹੈ।

## ਇਸ ਚੋਣ ਸੀਜ਼ਨ ਵਿੱਚ ਰਾਜਸੀ ਦਲਾਂ ਦਾ ਡਿਜੀਟਲ ਖਰਚ ਦੁੱਗਣਾ ਹੋਵੇਗਾ




ਕੋਲਕਾਤਾ, 17 ਅਪ੍ਰੈਲ (ਪੋਸਟ ਬਿਊਰੋ)- ਇਸ ਸਾਲ ਭਾਰਤ ਦੀਆਂ ਪਾਰਲੀਮੈਂਟ ਚੋਣਾਂ ਦੌਰਾਨ ਰਾਜਨੀਤਕ ਦਲਾਂ ਉਤੇ ਆਨਲਾਈਨ ਇਸ਼ਤਿਹਾਰੀ ਖਰਚ 2014 ਦੀਆਂ ਲੋਕ ਸਭਾ ਚੋਣਾਂ ਮੁਕਾਬਲੇ ਦੁੱਗਣਾ ਹੋ ਕੇ 400 ਤੋਂ 500 ਕਰੋੜ ਰੁਪਏ ਤੱਕ ਦਾ ਬੋਝ ਪੈਣ ਦਾ ਅੰਦਾਜ਼ਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਸਮਾਰਟਫੋਨ ਦੀ ਪਹੁੰਚ ਵਧਣ ਤੇ ਇੰਟਰਨੈੱਟ ਪੈਕ ਸਸਤਾ ਹੋਣ ਕਾਰਨ ਡਿਜੀਟਲ ਖਰਚ ਦਾ ਵਾਧਾ ਹੋਵੇਗਾ।

ਦੇਂਤਸੂ ਏਜਿਸ ਨੈਟਵਰਕ ਦੇ ਸੀ ਈ ਓ ਆਸ਼ੀਸ਼ ਭਸੀਨ ਨੇ ਕਿਹਾ ਕਿ 2019 ਦੀਆਂ ਆਮ ਚੋਣਾਂ ਵਿੱਚ ਮੁਹਿੰਮ 'ਤੇ ਕੁੱਲ ਇਸ਼ਤਿਹਾਰੀ ਖਰਚ 2500 ਤੋਂ 3000 ਕਰੋੜ ਰੁਪਏ ਹੋ ਸਕਦਾ ਹੈ। ਭਸੀਨ ਨੇ ਕਿਹਾ ਕਿ ਸੋਸ਼ਲ ਮੀਡੀਆ ਤੇ ਦੂਸਰੇ ਡਿਜੀਟਲ ਮੰਚਾਂ 'ਤੇ ਇਸ਼ਤਿਹਾਰ ਖਰਚ ਕਰੀਬ 500 ਕਰੋੜ ਰੁਪਏ ਹੋਵੇਗਾ। ਇੱਕ ਹੋਰ ਇਸ਼ਤਿਹਾਰੀ ਪੇਸ਼ੇਵਰ ਨੇ ਕਿਹਾ ਕਿ ਪਿਛਲੇ ਪੰਜ ਸਾਲ ਦੌਰਾਨ ਸਮਾਰਟਫੋਨ ਦੀ ਵਿਕਰੀ ਵਿੱਚ ਆਈ ਜ਼ੋਰਦਾਰ ਤੇਜ਼ੀ ਨਾਲ ਰਾਜਨੀਤਕ ਦਲਾਂ ਦਾ ਆਨਲਾਈਨ ਪ੍ਰਚਾਰ 'ਤੇ ਖਰਚ ਲਗਾਤਾਰ ਵਧ ਰਿਹਾ ਹੈ। ਇਸ ਦੇ ਇਲਾਵਾ ਟੈਲੀਕਾਮ ਕੰਪਨੀਆਂ ਦੇ ਗਲਾ ਵੱਢ ਮੁਕਾਬਲੇ ਦੇ ਕਾਰਨ ਡਾਟਾ ਵੀ ਲਗਾਤਾਰ ਸਸਤਾ ਹੋ ਰਿਹਾ ਹੈ। ਗੂਗਲ ਦੀ ਰਾਜਨੀਤਕ ਇਸ਼ਤਿਹਾਰਾਂ 'ਤੇ ਪਾਰਦਰਸ਼ਿਤਾ ਰਿਪੋਰਟ ਦੇ ਅਨੁਸਾਰ ਇਸ ਸਾਲ 19 ਫਰਵਰੀ ਤੋਂ ਉਸ ਦੇ ਵੱਖ-ਵੱਖ ਡਿਜੀਟਲ ਖੰਡਾਂ 'ਤੇ ਕੁੱਲ ਖਰਚ 8,63,11,600 ਰੁਪਏ ਰਿਹਾ ਹੈ। ਫੇਸਬੁਕ ਦੀ ਇਸੇ ਤਰ੍ਹਾਂ ਦੀ ਰਿਪੋਰਟ ਦੇ ਅਨੁਸਾਰ ਕੁੱਲ 61,248 ਇਸ਼ਹਿਹਾਰਾਂ 'ਤੇ ਕੁੱਲ ਖਰਚ 12,18,45,456 ਰੁਪਏ ਰਿਹਾ ਹੈ। ਇਸ ਤਰ੍ਹਾਂ ਇਹ ਖਰਚਾ ਇਸ ਵਾਰੀ ਵਧਣ ਦਾ ਅਨੁਮਾਨ ਹੈ।

### ਸਿੱਧੂ ਦਾ ਇਤਰਾਜ਼ ਯੋਗ ਬਿਆਨ

## ਸਭ ਮੁਸਲਮਾਨ ਇਕਮੁੱਠ ਹੋ ਕੇ ਮੋਦੀ ਦੇ ਵਿਰੁੱਧ ਵੋਟਾਂ ਪਾਉਣ

ਕਟਿਹਾਰ, 17 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਿਹਾਰ ਵਿੱਚ ਇੱਕ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕੱਲ੍ਹ ਵਿਵਾਦ ਵਾਲਾ ਬਿਆਨ ਦੇ ਦਿੱਤਾ। ਉਨ੍ਹਾਂ ਕਿਹਾ ਕਿ ਸਭ ਮੁਸਲਿਮ ਵੋਟਰ ਇਕਮੁੱਠ ਹੋ ਕੇ ਮੋਦੀ ਦੇ ਵਿਰੁੱਧ ਵੋਟ ਪਾਉਣ।

ਕਟਿਹਾਰ ਵਿਖੇ ਕਾਂਗਰਸ ਉਮੀਦਵਾਰ ਤਾਰਿਕ ਅਨਵਰ ਦੇ ਹੱਕ ਵਿੱਚ ਮੁਸਲਿਮ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਭ ਮੁਸਲਮਾਨਾਂ ਨੂੰ ਮੋਦੀ ਦੇ ਵਿਰੁੱਧ ਇਕਮੁੱਠ ਹੋਣਾ ਚਾਹੀਦਾ ਹੈ। ਮੁਸਲਮਾਨ ਘੱਟ ਗਿਣਤੀ ਹੋ ਕੇ ਵੀ ਬਹੁ-ਗਿਣਤੀ ਹਨ। ਸਭ ਮੁਸਲਮਾਨ ਛੱਕਾ ਮਾਰਨ ਅਤੇ ਮੋਦੀ ਨੂੰ ਬਾਊਂਡਰੀ ਤੋਂ ਪਾਰ ਕਰ ਦੇਣ। ਮੁਸਲਿਮ ਧਰਮ ਦੇ ਲੋਕ ਇਕਮੁੱਠ ਹੋ ਕੇ ਮਹਾਗਠਜੋੜ ਦੇ ਉਮੀਦਵਾਰ ਦੇ ਹੱਕ ਵਿੱਚ ਵੋਟਾਂ ਦੇਣ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਦੇਸ਼ ਵੰਡਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਹ ਇਸ ਬਾਰੇ ਚਿਤਾਵਨੀ ਦੇਣ ਇਥੇ ਆਏ ਹਨ। ਉਨ੍ਹਾਂ ਕਿਹਾ ਕਿ ਬਿਹਾਰ ਦੇ ਲੋਕ



ਜਦੋਂ ਪੰਜਾਬ ਵਿੱਚ ਕੰਮ ਕਰਨ ਆਉਂਦੇ ਹਨ ਤਾਂ ਉਨ੍ਹਾਂ ਨੂੰ ਉਥੇ ਇੱਜ਼ਤ ਮਿਲਦੀ ਹੈ। ਮੈਂ ਪੰਜਾਬ ਦਾ ਮੰਤਰੀ ਹਾਂ। ਜੇ ਬਿਹਾਰ ਦੇ ਲੋਕਾਂ ਨੂੰ ਕੋਈ ਮੁਸ਼ਕਲ ਹੈ ਤਾਂ ਮੈਂ ਉਨ੍ਹਾਂ ਨਾਲ ਖੜ੍ਹਾ ਹਾਂ।

ਵਿਰੋਧੀ ਧਿਰ ਨੇ ਸਿੱਧੂ ਉਤੇ ਵਾਦ-ਵਿਵਾਦ ਵਾਲਾ ਬਿਆਨ ਦੇਣ ਦਾ ਦੋਸ਼ ਲਾਇਆ ਹੈ। ਚੋਣ ਕਮਿਸ਼ਨ ਨੇ ਸਿੱਧੂ ਦੇ ਬਿਆਨ ਦਾ ਤਿੱਖਾ ਨੋਟਿਸ ਲੈ ਕੇ ਉਨ੍ਹਾਂ ਦੇ ਭਾਸ਼ਣ ਦੀ ਸੀ ਡੀ ਮੰਗਵਾਈ ਅਤੇ ਸਿੱਧੂ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ ਭਾਜਪਾ ਨੇ ਬਿਆਨ ਉਤੇ ਸਖਤ ਇਤਰਾਜ਼ ਜ਼ਾਹਰ ਕੀਤਾ ਅਤੇ ਇੱਕ ਵਫਦ, ਜਿਸ ਵਿੱਚ ਜੇ ਪੀ ਨੱਢਾ, ਮੁਖਤਾਰ ਅੱਬਾਸ ਨਕਵੀ, ਵੀ ਕੇ ਸਿੰਘ, ਤਰੁਣ ਚੁੱਘ ਸ਼ਾਮਲ ਸਨ, ਨੇ ਚੋਣ ਕਮਿਸ਼ਨ ਕੋਲੋਂ ਕਾਰਵਾਈ ਦੀ ਮੰਗ ਕੀਤੀ।

ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਨਰਿੰਦਰ ਮੋਦੀ ਉਤੇ ਉਨ੍ਹਾਂ ਦੇ ਗ੍ਰਹਿ ਸੂਬੇ ਗੁਜਰਾਤ ਵਿੱਚ ਹਮਲੇ ਕਰਦੇ ਹੋਏ ਕਿਹਾ ਕਿ ਮੈਂ ਹੈਰਾਨ ਹਾਂ ਕਿ ਗੁਜਰਾਤ ਦੀ ਜਿਸ ਧਰਤੀ ਨੇ ਮਹਾਤਮਾ ਗਾਂਧੀ ਵਰਗੇ ਵਿਅਕਤੀ ਨੂੰ ਜਨਮ ਦਿੱਤਾ, ਉਸ ਨੇ ਸਭ ਤੋਂ ਵੱਡਾ ਝੂਠਾ ਪ੍ਰਧਾਨ ਮੰਤਰੀ ਦੇਸ਼ ਨੂੰ ਦਿੱਤਾ ਹੈ। ਇੱਕ ਚੋਣ ਜਲਸੇ ਵਿੱਚ ਉਨ੍ਹਾਂ ਨੇ ਕਿਹਾ ਕਿ ਮੋਦੀ ਸਿਰਫ ਅਮੀਰ ਲੋਕਾਂ ਲਈ ਕੰਮ ਕਰਦੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨੂੰ 'ਝੂਠਾ ਨੰਬਰ ਇੱਕ' ਅਤੇ 'ਫੈਂਕੂ ਨੰਬਰ ਇੱਕ' ਕਰਾਰ ਦਿੱਤਾ। ਇਸ ਦੇ ਨਾਲ ਹੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਥੇ ਜਾਤ-ਪਾਤ ਵਿੱਚ ਵੰਡਣ ਦੀ ਸਿਆਸਤ ਹੁੰਦੀ ਹੈ। ਮੈਂ ਆਪਣੇ ਮੁਸਲਿਮ ਭਰਾਵਾਂ ਨੂੰ ਇੱਕੋ ਗੱਲ ਕਹਿਣ ਆਇਆ ਹਾਂ। ਤੁਹਾਡਾ ਅਜਿਹਾ ਖੇਤਰ ਹੈ ਜਿੱਥੇ ਤੁਸੀਂ ਘੱਟ ਗਿਣਤੀ ਨਹੀਂ, ਸਗੋਂ ਬਹੁ ਗਿਣਤੀ ਹੋ। ਇਸ ਖੇਤਰ ਵਿੱਚ ਤੁਹਾਡਾ ਬਹੁਮਤ 62 ਫੀਸਦੀ ਹੈ। ਭਾਜਪਾ ਦੇ ਸਾਜ਼ਿਸ਼ੀ ਲੋਕ ਤੁਹਾਨੂੰ ਵੰਡਣ ਦੀ ਕੋਸ਼ਿਸ਼ ਕਰਨਗੇ। ਤੁਸੀਂ ਇਕੱਠੇ ਰਹੋ ਤਾਂ ਕਾਂਗਰਸ ਨੂੰ ਦੁਨੀਆ ਦੀ ਕੋਈ ਤਾਕਤ ਹਰਾ ਨਹੀਂ ਸਕੇਗੀ।

## ਲੋਹਾ ਖਾਣਾਂ ਦੀ ਲੀਜ਼ ਬਾਰੇ ਸੁਪਰੀਮ ਕੋਰਟ ਨੇ ਜਵਾਬ ਮੰਗਿਆ

ਨਵੀਂ ਦਿੱਲੀ, 17 ਅਪ੍ਰੈਲ (ਪੋਸਟ ਬਿਊਰੋ)- ਕੱਚਾ ਲੋਹਾ ਖਾਣਾਂ ਬਾਰੇ ਇਕ ਪਟੀਸ਼ਨ 'ਤੇ ਕੱਲ੍ਹ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਇਸ 'ਚ ਬਿਨਾਂ ਕਿਸੇ ਤਾਜ਼ਾ ਮੁਲਾਂਕਣ ਦੇ ਦੇਸ਼ ਦੀਆਂ 358 ਤੋਂ ਵੱਧ ਕੱਚਾ ਲੋਹਾਂ ਖਾਣਾਂ ਦੀ ਵੰਡ ਜਾਂ ਲੀਜ਼ ਮਿਆਦ ਵਧਾਉਣ ਦਾ ਦੋਸ਼ ਲਾ ਕੇ ਉਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਸੀ ਬੀ ਆਈ ਨੂੰ ਰਿਪੋਰਟ ਦਰਜ ਕਰਕੇ ਮਾਮਲੇ ਦੀ ਜਾਂਚ ਲਈ ਨਿਰਦੇਸ਼ ਦੇਣ ਦਾ ਵੀ ਕਿਹਾ ਗਿਆ ਹੈ।

ਜਸਟਿਸ ਐਸ ਏ ਬੋਬਡੇ ਅਤੇ ਜਸਟਿਸ ਐਸ ਏ ਨਜੀਰ ਦੇ ਬੈਂਚ ਨੇ ਵਕੀਲ ਮਨੋਹਰ ਲਾਲ ਸ਼ਰਮਾ ਦੀ ਪਟੀਸ਼ਨ ਉੱਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਬੈਂਚ ਨੇ ਇਸ ਕੇਸ ਵਿੱਚ ਕੋਰਟ ਦੀ ਮਦਦ ਲਈ ਸੀਨੀਅਰ ਵਕੀਲ ਪੀ ਐਸ ਨਰਸਿਮ੍ਹਾ ਨੂੰ ਨਿਆਂ ਮਿੱਤਰ ਨਿਯੁਕਤ ਕੀਤਾ ਹੈ। ਇਸ ਪਟੀਸ਼ਨ ਅਨੁਸਾਰ, 'ਇਸ ਵਰ੍ਹੇ ਫਰਵਰੀ ਵਿੱਚ ਭੇਦ ਖੁੱਲ੍ਹਾ ਕਿ 288 ਖਾਣਾਂ ਦੀ ਲੀਜ਼ ਮਿਆਦ 'ਮੋਟਾ ਚੰਦਾ' ਲੈ ਕੇ ਵਧਾ ਦਿੱਤੀ ਗਈ ਹੈ। ਇਸ ਨਾਲ ਰੈਵੇਨਿਊ ਨੂੰ ਚਾਰ ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਦੇਸ਼ 'ਚ 358 ਕੱਚਾ ਲੋਹਾ ਖਾਣਾਂ 'ਚ ਮਾਈਨਿੰਗ ਲਈ ਕੰਪਨੀਆਂ ਨੂੰ ਨਵੇਂ ਸਿਰੇ ਤੋਂ ਮੁਲਾਂਕਣ ਜਾਂ ਨੀਲਾਮੀ ਦੀ ਪ੍ਰਕਿਰਿਆ ਦਾ ਪਾਲਣ ਕੀਤੇ ਬਿਨਾਂ ਲੀਜ਼ ਦਿੱਤੀ ਗਈ ਜਾਂ ਉਨ੍ਹਾਂ ਦੀ ਮਿਆਦ ਵਧਾ ਦਿੱਤੀ ਗਈ ਹੈ। ਪਟੀਸ਼ਨ 'ਚ ਕਾਨੂੰਨਨ ਇਨ੍ਹਾਂ ਖਦਾਨਾਂ ਤੋਂ ਮਾਈਨਿੰਗ ਕੀਤੀ ਗਈ ਸਮੱਗਰੀ ਦੀ ਬਾਜ਼ਾਰ ਕੀਮਤ ਵਸੂਲਣ ਦਾ ਨਿਰਦੇਸ਼ ਦੇਣ ਦੀ ਵੀ ਬੇਨਤੀ ਕੀਤੀ ਗਈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

NEED A LAWYER ??
Red Seal NOTARY
KAUR LAW OFFICE
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਆਪਰੇਸ਼ਨ ਵੇਲੇ ਪੇਟ ਵਿੱਚ ਛੱਡੀ ਰੂੰ ਨਾਲ ਔਰਤ ਦੀ ਅੰਤੜੀ ਫਟੀ

ਲਖਨਊ, 17 ਅਪ੍ਰੈਲ (ਪੋਸਟ ਬਿਊਰੋ)- ਇਥੇ ਗੁੜੰਬਾ ਵਿੱਚ ਇਕ ਨਿੱਜੀ ਹਸਪਤਾਲ ਦੇ ਡਾਕਟਰਾਂ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਉਨ੍ਹਾਂ ਦੀ ਗਲਤੀ ਨਾਲ ਮਰੀਜ਼ ਦੀ ਅੰਤੜੀ ਫਟ ਗਈ ਹੈ।

ਬਾਰਾਬੰਕੀ ਕੁਰਸੀ ਰੋਡ ਦੇ ਬਬੁਰੀਯਹਾ ਪਿੰਡ ਦੇ ਵਿਮਲੇਸ਼ ਨੇ ਆਪਣੀ ਗਰਭਵਤੀ ਪਤਨੀ ਸੁਮਨ (32) ਨੂੰ ਤਿੰਨ ਮਹੀਨੇ ਪਹਿਲਾ ਗੁੜੰਬਾ ਦੇ ਇਕ ਹਸਪਤਾਲ ਵਿੱਚ ਭਰਤੀ ਕਰਵਾਇਆ ਸੀ। ਵਿਮਲੇਸ਼ ਨੇ ਦੱਸਿਆ ਕਿ ਡਾਕਟਰ ਨੇ ਖੁਦ ਨੂੰ ਹਸਪਤਾਲ ਦਾ ਮਾਲਕ ਦੱਸਿਆ ਸੀ। ਸੁਮਨ ਦੇ ਸਿਜੇਰੀਅਨ ਆਪਰੇਸ਼ਨ ਦੇ ਬਾਅਦ ਬੇਟੀ ਦਾ ਜਨਮ ਹੋਇਆ। ਇਸ ਦੇ ਬਾਅਦ ਤੋਂ ਸੁਮਨ ਦੇ ਪੇਟ ਵਿੱਚ ਦਰਦ ਰਹਿਣ ਲੱਗਾ ਸੀ। ਸ਼ਿਕਾਇਤ ਲੈ ਕੇ ਹਸਪਤਾਲ ਪੁੱਜੇ ਪਰਵਾਰ ਦੇ ਕਹਿਣ ਉੱਤੇ ਡਾਕਟਰ ਨੇ ਸੁਮਨ ਦਾ ਅਲਟਰਾਸਾਊਂਡ ਕਰਵਾਇਆ ਤਾਂ ਪੇਟ ਵਿੱਚ ਰੂੰ ਦਿਖਾਈ ਦਿੱਤੀ। ਇਸ ਉੱਤੇ ਡਾਕਟਰ ਘਬਰਾ ਗਿਆ ਅਤੇ ਉਸ ਨੇ ਬਿਨਾ ਰੁਪਏ ਲਏ ਆਪਰੇਸ਼ਨ ਕਰਕੇ ਰੂੰ ਕੱਢਣ ਲਈ ਕਿਹਾ। ਫਿਰ 13 ਅਪ੍ਰੈਲ ਨੂੰ ਦੋਬਾਰਾ ਔਰਤ ਦਾ ਆਪਰੇਸ਼ਨ ਕੀਤਾ ਗਿਆ। ਇਸ ਵਾਰ ਆਪਰੇਸ਼ਨ ਦੇ ਬਾਅਦ ਸੁਮਨ ਦੇ ਪੇਟ ਤੋਂ ਮਲ ਨਿਕਲਦਾ ਦੇਖ ਸੇਵਾਦਾਰ ਹੈਰਾਨ ਹੋ ਗਿਆ। ਬੀਤੇ ਦਿਨੀਂ ਬਾਹਰੋਂ ਆਏ ਇਕ ਡਾਕਟਰ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਅੰਤੜੀ ਫਟ ਗਈ ਹੈ। ਇਸ ਉੱਤੇ ਪਰਵਾਰਕ ਮੈਂਬਰ ਗੁੱਸੇ ਹੋ ਗਏ ਅਤੇ ਉਨ੍ਹਾਂ ਨੇ ਹਸਪਤਾਲ ਕੰਪਲੈਕਸ ਵਿੱਚ ਹੰਗਾਮਾ ਸ਼ੁਰੂ ਕਰ ਦਿੱਤਾ। ਇਸ ਦੀ ਸੂਚਨਾ ਮਿਲਦੇ ਸਾਰ ਮੌਕੇ 'ਤੇ ਪੁਲਸ ਆ ਗਈ। ਹਸਪਤਾਲ ਮਾਲਕ ਭੱਜ ਗਿਆ। ਨਰਸ ਅਨਾਮਿਕਾ ਤੇ ਵਾਰਡ ਬੁਆਏ ਮਾਨ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਸ ਨੇ ਸੁਮਨ ਨੂੰ ਐਂਬੂਲੈਂਸ ਰਾਹੀਂ ਟਰੋਮਾ ਸੈਂਟਰ ਭਿਜਵਾ ਦਿੱਤਾ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਸੱਤਾ ਲਈ ਵਿਰੋਧੀਆਂ ਨੂੰ ਮਰਵਾਉਣ ਵਾਲੇ ਬਸ਼ੀਰ ਬਾਰੇ ਫ਼ੈਸਲਾ ਸੂਡਾਨ ਦੀ ਅਦਾਲਤ ਕਰੇਗੀ

## * ਸੰਸਾਰ ਅਦਾਲਤ ਨੂੰ ਨਹੀਂ ਸੌਂਪਿਆ ਜਾਵੇਗਾ

ਖਰਤੂਮ, 17 ਅਪ੍ਰੈਲ (ਪੋਸਟ ਬਿਊਰੋ)- ਤਿੰਨ ਦਹਾਕਿਆਂ ਤਕ ਸੂਡਾਨ ਦੀ ਸੱਤਾ ਉੱਤੇ ਕਾਬਜ਼ ਰਹੇ ਰਾਸ਼ਟਰਪਤੀ ਉਮਰ ਅਲ ਬਸ਼ੀਰ ਦਾ ਤਖਤਾ ਪਲਟ ਹੋਣ ਪਿੱਛੋਂ ਉਨ੍ਹਾਂ ਨੂੰ ਕਿਥੇ ਰੱਖਿਆ ਗਿਆ, ਕੋਈ ਨਹੀਂ ਜਾਣਦਾ। ਅੰਤਰਰਾਸ਼ਟਰੀ ਅਪਰਾਧ ਅਦਾਲਤ (ਆਈ ਸੀ ਸੀ) ਨੇ ਦੋ ਵਾਰ ਉਸ ਦੇ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਸਨ। ਪਹਿਲਾ ਗ੍ਰਿਫਤਾਰੀ ਵਰੰਟ 4 ਮਾਰਚ 2009 ਨੂੰ ਅਤੇ ਦੂਸਰਾ 12 ਜੁਲਾਈ 2019 ਨੂੰ ਜਾਰੀ ਕੀਤਾ ਗਿਆ ਸੀ। ਉਨ੍ਹਾਂ ਉੱਤੇ ਕਈ ਸੰਗੀਨ ਜੁਰਮਾਂ ਦਾ ਦੋਸ਼ ਹੈ ਤੇ ਯੁੱਧ ਅਪਰਾਧ ਦੇ ਵੀ ਦੋਸ਼ ਹਨ। ਸੰਸਾਰ ਅਦਾਲਤ ਚਾਹੁੰਦੀ ਹੈ ਕਿ ਬਸ਼ੀਰ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ, ਜਿਸ ਨਾਲ ਉਸ ਉੱਤੇ ਮੁਕੱਦਮਿਆਂ ਦੀ ਕਾਰਵਾਈ ਅੱਗੇ ਵਧਾਈ ਜਾਵੇ, ਪਰ ਸੂਡਾਨ ਦੀ ਅੰਤ੍ਰਿਮ ਫ਼ੌਜੀ ਕੌਂਸਲ ਨੇ ਆਈ ਸੀ ਸੀ ਦੀ ਇਸ ਮੰਗ ਨੂੰ ਠੁਕਰਾ ਕੇ ਸਾਫ ਕਰ ਦਿੱਤਾ ਕਿ ਬਸ਼ੀਰ ਉੱਤੇ ਸੂਡਾਨ ਦੇ ਕਾਨੂੰਨ ਦੇ ਹਿਸਾਬ ਨਾਲ ਹੀ ਮੁਕੱਦਮਾ ਚਲਾਇਆ ਜਾਵੇਗਾ ਤੇ ਦੋਸ਼ ਸਿੱਧ ਹੋਣ ਉੱਤੇ ਕਾਰਵਾਈ ਕੀਤੀ ਜਾਵੇਗੀ।


ਤਿੰਨ ਦਹਾਕਿਆਂ ਤਕ ਸੂਡਾਨ ਦੀ ਸੱਤਾ ਉੱਤੇ ਕਾਬਜ਼ ਰਹੇ ਰਾਸ਼ਟਰਪਤੀ ਉਮਰ ਅਲ ਬਸ਼ੀਰ।

ਫ਼ੌਜੀ ਕੌਂਸਲ ਦੀ ਸਿਆਸੀ ਕਮੇਟੀ ਦੇ ਚੇਅਰਮੈਨ ਲੈਫਟੀਨੈਂਟ ਜਨਰਲ ਉਮਰ ਜਾਇਨ ਅਬ ਅਬਦੀਨ ਦਾ ਕਹਿਣਾ ਹੈ ਕਿ ਜੇ ਬਸ਼ੀਰ ਨੂੰ ਆਈ ਸੀ ਸੀ ਨੂੰ ਸੌਂਪਿਆਂ ਜਾਂਦਾ ਹੈ ਤਾਂ ਦੇਸ਼ ਦੀ ਬਦਨਾਮੀ ਹੋਵੇਗੀ, ਇਸ ਲਈ ਇਹ ਕਦਮ ਨਹੀਂ ਉਠਾਇਆ ਜਾਵੇਗਾ। ਇਹੀ ਕਾਰਨ ਹੈ ਕਿ ਬਸ਼ੀਰ ਨੂੰ ਤਖਤਾ ਪਲਟ ਦੇ ਬਾਅਦ ਅਣਪਛਾਤੀ ਥਾਂ ਰੱਖਿਆ ਗਿਆ ਹੈ, ਜਿਸ ਦੀ ਜਾਣਕਾਰੀ ਕੁਝ ਖਾਸ ਲੋਕਾਂ ਤੋਂ ਇਲਾਵਾ ਕਿਸੇ ਨੂੰ ਨਹੀਂ, ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਬਾਅਦ ਸਵਾਲ ਇਹ ਹੈ ਕਿ ਬਸ਼ੀਰ ਨੂੰ ਸਜ਼ਾ-ਏ-ਮੌਤ ਮਿਲੇਗੀ ਜਾਂ ਸਾਬਕਾ ਪ੍ਰਧਾਨ ਮੰਤਰੀ ਵਾਂਗ ਦੇਸ਼ ਨਿਕਾਲਾ ਦਿੱਤਾ ਜਾਵੇਗਾ।

ਹਾਲ ਦੀ ਘੜੀ ਫੌਜੀ ਕੌਂਸਲ ਨੇ ਦੇਸ਼ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਕੇ ਅਮਰੀਕਾ ਸਮੇਤ ਦੂਸਰੇ ਦੇਸ਼ਾਂ ਵਿਚਲੇ ਆਪਣੇ ਰਾਜਦੂਤਾਂ ਨੂੰ ਬਰਖਾਸਤ ਕਰ ਦਿੱਤਾ ਹੈ। ਕਰੀਬ ਤਿੰਨ ਦਹਾਕੇ ਸੂਡਾਨ ਉੱਤੇ ਰਾਜ ਕਰਨ ਵਾਲੇ ਬਸ਼ੀਰ ਵੀ 30 ਜੂਨ 1989 ਨੂੰ ਤਖਤਾ ਪਲਟ ਕਰ ਕੇ ਸੱਤਾ ਵਿੱਚ ਆਏ ਸਨ। ਉਨ੍ਹਾਂ ਨੇ ਸੂਡਾਨੀ ਫ਼ੌਜ ਦੇ ਕਰਨਲ ਉਮਰ ਅਲ ਬਸ਼ੀਰ ਤੇ ਕੁਝ ਫੌਜੀ ਅਧਿਕਾਰੀਆਂ ਨਾਲ ਮਿਲ ਕੇ ਪ੍ਰਧਾਨ ਮੰਤਰੀ ਸਾਦਿਲ ਅਲ-ਮਹਦੀ ਦਾ ਤਖਤਾ ਪਲਟ ਕਰ ਕੇ ਸੱਤਾ ਸੰਭਾਲੀ ਤੇ ਮਹਿਦੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ। ਬਸ਼ੀਰ ਨੇ ਸੱਤਾ ਵਿੱਚ ਆਣ ਕੇ ਪ੍ਰਧਾਨ ਮੰਤਰੀ ਦਾ ਅਹੁਦਾ ਖਤਮ ਕਰ ਦਿੱਤਾ ਤੇ ਮਹਿਦੀ ਦੇ ਵਿਸ਼ਵਾਸ ਪਾਤਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ।

ਸਾਲ 2000 ਵਿੱਚ ਮਹਿਦੀ ਦੇਸ਼ ਵਾਪਸ ਆਏ ਅਤੇ 2014 ਦੀਆਂ ਚੋਣਾਂ ਵਿੱਚ ਖੜ੍ਹੇ ਵੀ ਹੋਏ, ਪਰ ਸਾਲ 2014 ਵਿੱਚ ਮਹਿਦੀ ਨੂੰ ਬਸ਼ੀਰ ਦਾ ਤਖਤਾ ਪਲਟ ਦੇ ਦੋਸ਼ ਹੇਠ ਫਿਰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸ ਤੋਂ ਬਾਅਦ ਉਹ ਜਨਵਰੀ 2017 ਵਿੱਚ ਮੁੜੇ ਸਨ। ਬਸ਼ੀਰ ਦੇ ਤਖਤਾ ਪਲਟ ਤੋਂ ਬਾਅਦ ਅਮਰੀਕਾ, ਬ੍ਰਿਟੇਨ ਅਤੇ ਨਾਰਵੇ ਨੇ ਸੂਡਾਨ ਵਿੱਚ ਨਾਗਰਿਕ ਸਾਸ਼ਨ ਵਾਸਤੇ ਫ਼ੌਜੀ ਸ਼ਾਸਕਾਂ ਨੂੰ ਅਪੀਲ ਕੀਤੀ ਹੈ।

# ਸਾਊਦੀ ਅਰਬ ਵਿੱਚ 2 ਪੰਜਾਬੀ ਨੌਜਵਾਨਾਂ ਦੇ ਸਿਰ ਕਲਮ

ਰਿਆਦ, 17 ਅਪ੍ਰੈਲ (ਪੋਸਟ ਬਿਊਰੋ)- ਰੋਜ਼ੀ-ਰੋਟੀ ਕਮਾਉਣ ਲਈ ਸਾਊਦੀ ਅਰਬ ਗਏ ਦੋ ਪੰਜਾਬੀ ਨੌਜਵਾਨ ਰਿਆਦ ਵਿੱਚ ਕੋਈ ਏਦਾਂ ਦਾ ਜੁਰਮ ਕਰ ਬੈਠੇ ਕਿ ਸਜ਼ਾ ਵਜੋਂ ਦੋਵਾਂ ਦੇ ਸਿਰ ਕਲਮ ਕਰ ਦਿੱਤੇ ਗਏ। ਇਸ ਦੇ ਡੇਢ ਮਹੀਨਾ ਬੀਤ ਜਾਣ ਪਿੱਛੋਂ ਵੀ ਰਿਆਦ ਦੇ ਭਾਰਤੀ ਦੂਤਘਰ ਨੇ ਦੋਵਾਂ ਨੌਜਵਾਨਾਂ ਦੇ ਪਰਵਾਰਾਂ ਨੂੰ ਸੂਚਨਾ ਨਹੀਂ ਦਿੱਤੀ। ਇਨ੍ਹਾਂ ਨੌਜਵਾਨਾਂ ਦੇ ਸਿਰ ਕਲਮ ਕਰਨ ਦੀ ਪੁਸ਼ਟੀ ਉਦੋਂ ਹੋਈ, ਜਦੋਂ ਇਕ ਮ੍ਰਿਤਕ ਦੀ ਪਤਨੀ ਨੇ ਅਦਾਲਤ ਨੂੰ ਅਰਜ਼ੀ ਪਾਈ ਤੇ ਪਟੀਸ਼ਨ ਉੱਤੇ ਕਾਰਵਾਈ ਕਰਦਿਆਂ ਵਿਦੇਸ਼ ਮੰਤਰਾਲਾ ਨੇ ਪੂਰੀ ਘਟਨਾ ਦੀ ਜਾਣਕਾਰੀ ਲਈ ਹੈ।

ਵਿਦੇਸ਼ ਮੰਤਰਾਲਾ ਵੱਲੋਂ ਪਰਿਵਾਰ ਨੂੰ ਭੇਜੀ ਚਿੱਠੀ ਮੁਤਾਬਕ ਹੁਸ਼ਿਆਰਪੁਰ ਦੇ ਸਤਵਿੰਦਰ ਕੁਮਾਰ ਤੇ ਲੁਧਿਆਣਾ ਦੇ ਹਰਜੀਤ ਸਿੰਘ ਨੂੰ 9 ਦਸੰਬਰ 2015 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਉੱਤੇ ਆਰਿਫ ਇਮਾਮੁਦੀਨ ਦੇ ਕਤਲ ਦਾ ਦੋਸ਼ ਸੀ। ਇਨ੍ਹਾਂ ਨੌਜਵਾਨਾਂ ਨੂੰ ਦੇਸ਼ ਵਾਪਸ ਭੇਜਣ ਦੀ ਕਾਰਵਾਈ ਪੂਰੀ ਹੋਣ ਦੌਰਾਨ ਦੋਵਾਂ ਦੇ ਕਤਲ ਵਿਚ ਸ਼ਾਮਲ ਹੋਣ ਦੇ ਸਬੂਤ ਮਿਲ ਗਏ ਅਤੇ ਦੋਵਾਂ ਨੂੰ



ਟ੍ਰਾਇਲ ਲਈ ਰਿਆਦ ਦੀ ਜੇਲ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਨੇ ਕਤਲ ਦਾ ਜੁਰਮ ਕਬੂਲ ਕਰ ਲਿਆ। ਇਸ ਦੇ ਬਾਅਦ 28 ਫ਼ਰਵਰੀ ਨੂੰ ਉਨ੍ਹਾਂ ਦੇ ਸਿਰ ਕਲਮ ਕਰ ਦਿੱਤੇ ਗਏ। ਦੋਵਾਂ ਦੇ ਸਿਰ ਕਲਮ ਕਰਨ ਬਾਰੇ ਭਾਰਤੀ ਦੂਤਘਰ ਨੂੰ ਸੂਚਨਾ ਨਹੀਂ ਦਿੱਤੀ ਗਈ। ਦੋਵਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸੌਂਪੀਆਂ ਨਹੀਂ ਗਈਆਂ, ਕਿਉਂਕਿ ਇਹ ਸਾਊਦੀ ਅਰਬ ਦੇ ਨਿਯਮਾਂ ਦੇ ਵਿਰੁੱਧ ਹੈ।

ਦੋਵਾਂ ਨੌਜਵਾਨਾਂ ਦੀ ਮੌਤ ਦਾ ਓਦੋਂ ਪਤਾ ਲੱਗਾ, ਜਦੋਂ ਹਰਜੀਤ ਦੀ ਪਤਨੀ ਸੀਮਾ ਰਾਣੀ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਤੇ ਇਸ ਉੱਤੇ ਕਾਰਵਾਈ ਪਿੱਛੋਂ ਵਿਦੇਸ਼ ਮੰਤਰਾਲੇ ਨੂੰ ਘਟਨਾਕ੍ਰਮ ਦੀ ਜਾਣਕਾਰੀ ਮਿਲੀ। ਇਸ ਦੇ ਬਾਅਦ ਪਤਾ ਲੱਗਾ ਕਿ ਹੁਸ਼ਿਆਰਪੁਰ ਦਾ ਸਤਵਿੰਦਰ ਕੁਮਾਰ ਤੇ ਲੁਧਿਆਣਾ ਦਾ ਹਰਜੀਤ ਸਿੰਘ ਸਾਲ 2013 ਤੋਂ ਸਾਊਦੀ ਅਰਬ ਦੇ ਪ੍ਰਮੁੱਖ ਸ਼ਹਿਰ ਰਿਆਦ ਵਿਚ ਮਜੀਦ ਟਰਾਂਸਪੋਰਟਿੰਗ ਐਂਡ ਪੋਲਿੰਗ ਕੋਰਸ ਇੰਟਰਨੈਸ਼ਨਲ ਐਂਡ ਐਕਸਟਰਨਲ ਨਾਂ ਦੀ ਕੰਪਨੀ ਦੇ ਡਰਾਈਵਰ ਸਨ। ਇਸ ਦੌਰਾਨ 2015 ਵਿੱਚ ਦੋਵਾਂ ਦਾ ਰਿਆਦ ਵਿੱਚ ਰਹਿੰਦੇ ਇਕ ਭਾਰਤੀ ਵਰਕਰ ਆਰਿਫ਼ ਇਮਾਮੁਦੀਨ ਨਾਲ ਝਗੜਾ ਹੋ ਗਿਆ ਤੇ ਫਿਰ ਕਤਲ ਵਿਚ ਬਦਲ ਗਿਆ। ਦੋਸ਼ ਇਹ ਹੈ ਕਿ ਸਤਵਿੰਦਰ ਅਤੇ ਹਰਜੀਤ ਨੇ ਆਪਣੀ ਗੱਡੀ ਨਾਲ ਇਮਾਮੁਦੀਨ ਦੀ ਕੁਚਲ ਕੇ ਹੱਤਿਆ ਕਰ ਦਿੱਤੀ। ਉਨ੍ਹਾਂ ਨੇ ਇਹ ਹਤਿਆ ਪੈਸੇ ਦੇ ਝਗੜੇ ਵਿਚ ਕੀਤੀ ਸੀ। ਤਿੰਨਾਂ ਨੇ ਇਹ ਰਕਮ ਲੁੱਟ ਕੇ ਇਕੱਠੀ ਕੀਤੀ ਸੀ। ਕੁਝ ਦਿਨ ਪਿੱਛੋਂ ਦੋਵਾਂ ਨੂੰ ਲੜਾਈ-ਝਗੜਾ ਅਤੇ ਸ਼ਰਾਬ ਪੀਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਕੇ ਦੇਸ਼ ਵਾਪਸ ਭੇਜਣ ਦੀ ਰਸਮੀ ਕਾਰਵਾਈ ਪੂਰੀ ਕਰਨ ਦੌਰਾਨ ਦੋਵਾਂ ਦੇ ਕਤਲ ਵਿਚ ਸ਼ਾਮਲ ਹੋਣ ਦੇ ਸਬੂਤ ਮਿਲ ਗਏ। ਦੋਵੇਂ ਜਣੇ ਆਪਣੇ ਬਚਾਅ ਵਿੱਚ ਕੋਈ ਠੋਸ ਸਬੂਤ ਨਹੀਂ ਦੇ ਸਕੇ ਅਤੇ ਸਜ਼ਾ ਹੋ ਗਈ ਸੀ।

# ਦੁਨੀਆ ਦੇ ਸਭ ਤੋਂ ਖਤਰਨਾਕ ਪੰਛੀ ਨੇ ਗੁੱਸਾ ਆਏ ਤੋਂ ਮਾਲਕ ਦੀ ਜਾਨ ਲੈ ਲਈ

ਨਿਊਯਾਰਕ, 17 ਅਪ੍ਰੈਲ (ਪੋਸਟ ਬਿਊਰੋ)- ਇੱਕ ਪੰਛੀ ਨੂੰ ਇੰਨਾ ਗੁੱਸਾ ਆਇਆ ਕਿ ਉਸ ਨੇ ਆਪਣੇ ਮਾਲਕ ਨੂੰ ਜਾਨੋਂ ਮਾਰ ਦਿੱਤਾ। ਤੁਸੀਂ ਸੋਚੋਗੇ ਕਿ ਭਲਾ ਇਹ ਕਿਹੜਾ ਪੰਛੀ ਹੈ, ਜਿਸ ਨੇ ਆਪਣੇ ਮਾਲਕ ਨੂੰ ਮਾਰ ਦਿੱਤਾ। ਅਸਲ ਵਿੱਚ ਇਸ ਪੰਛੀ ਦਾ ਨਾਂਅ ਕੈਸੋਵਰੀ ਹੈ। ਇਹ ਪੰਛੀ ਉਡ ਤਾਂ ਨਹੀਂ ਸਕਦਾ, ਪਰ ਦੌੜਦਾ ਬਹੁਤ ਤੇਜ਼ ਹੈ। ਕੈਸੋਵਰੀ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਪੰਛੀ ਕਿਹਾ ਜਾਂਦਾ ਹੈ, ਜਿਹੜਾ ਆਸਟਰੇਲੀਆ ਅਤੇ ਪਾਪੂਆ ਨਿਊ ਗਿਨੀ ਦੇ ਜੰਗਲਾਂ ਵਿੱਚ ਪਾਇਆ ਜਾਂਦਾ ਹੈ। ਫਲੋਰੀਡਾ ਦੇ ਅਲਾਚੂਆ ਕਾਊਂਟੀ ਵਿੱਚ ਫਾਇਰ ਰੈਸਕਿਊ ਡਿਪਾਰਟਮੈਂਟ ਦੇ ਹੈਡ ਗੇਨੇਸਿਵਲੇ ਨੇ ਸਨ ਅਖਬਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਮੁਤਾਬਕ ਇਹ ਘਟਨਾ ਉਦੋਂ ਹੋਈ, ਜਦੋਂ ਕੈਸੋਵਰੀ ਦਾ ਮਾਲਕ ਪੰਛੀ ਨੂੰ ਬ੍ਰੀਡਿੰਗ ਲਈ ਲਿਜਾ ਰਿਹਾ ਸੀ। ਕਿਸੇ ਕਾਰਨ ਉਸ ਦਾ ਸੰਤੁਲਨ ਵਿਗੜ ਗਿਆ ਤੇ ਉਹ ਡਿੱਗ ਗਿਆ। ਇਸ ਮੌਕੇ ਕੈਸੋਵਰੀ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਆਪਣੇ ਪੰਜੇ ਨਾਲ ਆਪਣੇ ਮਾਲਕ ਦਾ ਪੇਟ ਚੀਰ ਦਿੱਤਾ।

# ਆਸਟਰੇਲੀਆ ਵਿੱਚ ਬਾਹਰਲੇ ਦੇਸ਼ਾਂ ਤੋਂ ਪਾਬੰਦੀ ਸ਼ੁਦਾ ਚੀਜ਼ਾਂ ਲੈ ਕੇ ਆਉਣ ਲਈ ਨਵਾਂ ਕਾਨੂੰਨ

ਮੈਲਬਰਨ, 17 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਬਾਹਰਲੇ ਦੇਸ਼ਾਂ ਤੋਂ ਆਉਂਦੇ ਯਾਤਰੀਆਂ ਲਈ ਵਰਜਿਤ ਚੀਜ਼ਾਂ ਦਾ ਐਲਾਨ ਨਾ ਕਰਨ ਉੱਤੇ ਉਨ੍ਹਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਹ ਕਾਨੂੰਨ 17 ਅਪ੍ਰੈਲ ਤੋਂ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ, ਕਿਉਂਕਿ ਇਥੇ ਗੰਭੀਰ ਕਿਸਮ ਦੀਆਂ ਬਿਮਾਰੀਆਂ ਦੇ ਵਧਣ ਦੇ ਆਸਾਰ ਦੀ ਸਿਹਤ ਵਿਭਾਗ ਵੱਲੋਂ ਚਿਤਾਵਨੀ ਦਿੱਤੀ ਗਈ ਹੈ।



ਕੁਝ ਵਿਦੇਸ਼ੀ ਖਾਣੇ ਪੌਦਿਆਂ ਅਤੇ ਜਾਨਵਰਾਂ ਦੇ ਉਤਪਾਦਾਂ ਤੋਂ ਬਣਦੇ ਹਨ, ਜੋ ਬੜੇ ਹਾਨੀਕਾਰਕ ਪਾਏ ਜਾਂਦੇ ਹਨ। ਹਵਾਈ ਅੱਡੇ ਦੀ ਅਥਾਰਟੀ ਨੇ ਸਖਤੀ ਨਾਲ ਤਾੜਨਾ ਕਰਦੇ ਹੋਏ ਦੱਸਿਆ ਕਿ ਜੇ ਕੋਈ ਯਾਤਰੀ ਕਸਟਮ ਕਾਰਡ ਉਪਰ ਜੋ ਨਾਲ ਲਿਆਂਦਾ ਹੈ, ਉਸ ਦੇ ਉਤਰ ਨਾਂਹ ਜਾਂ ਹਾਂ ਵਿੱਚ ਦੇਣ 'ਚ ਅਸਫਲ ਰਿਹਾ ਤਾਂ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਈ ਲੋਕ ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਇਥੇ ਪਾਬੰਦੀ ਸ਼ੁਦਾ ਚੀਜ਼ਾਂ ਲਿਆਉਣ ਨੂੰ ਕਹਿ ਦਿੰਦੇ ਹਨ, ਪਰ ਜੇ ਉਹ ਲੋਕ ਕਸਟਮ ਕਾਰਡ 'ਚ ਦੱਸਣ 'ਚ ਅਸਫਲ ਰਹਿੰਦੇ ਹਨ ਤਾਂ ਉਹ ਮੁਸ਼ਕਿਲ 'ਚ ਪੈ ਸਕਦੇ ਹਨ। ਦਵਾਈਆਂ, ਕਿਸੇ ਵੀ ਤਰ੍ਹਾਂ ਦਾ ਖਾਣਾ, ਪਲਾਂਟ, ਬੀਜ, ਫਲ, ਦੁੱਧ ਤੋਂ ਬਣੀਆਂ ਮਿਠਈਆਂ ਦਾ ਆਪਣੇ ਕਸਟਮ ਕਾਰਡ 'ਤੇ ਸੋਚ ਸਮਝ ਕੇ ਉਤਰ ਦਿਓ, ਵਰਨਾ ਵੀਜ਼ਾ ਕੈਂਸਲ ਕਰਨ ਦੇ ਨਾਲ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਹੈ। ਏਅਰਪੋਰਟ ਅਥਾਰਟੀ ਨੇ ਬਾਹਰਲੇ ਦੇਸ਼ਾਂ ਤੋਂ ਆਉਂਦੇ ਮੁਸਾਫਰਾਂ ਨੂੰ ਇਨ੍ਹਾਂ ਨਿਯਮਾਂ ਦਾ ਪਾਲਣ ਕਰਨ ਲਈ ਅਪੀਲ ਕੀਤੀ ਹੈ।

# ਸੀ ਪੀ ਈ ਸੀ ਦੀ ਆੜ ਵਿੱਚ ਪਾਕਿਸਤਾਨੀ ਔਰਤਾਂ ਉਤੇ ਡੋਰੇ ਪਾ ਰਹੇ ਹਨ ਚੀਨੀ

ਬੀਜਿੰਗ, 17 ਅਪ੍ਰੈਲ (ਪੋਸਟ ਬਿਊਰੋ)- ਚੀਨ ਦੀ ਪੁਲਸ ਨੇ ਦੇਸ਼ ਵਿੱਚ ਗੈਰ ਕਾਨੂੰਨੀ ਤੌਰ 'ਤੇ ਚੱਲ ਰਹੇ ਮੈਰਿਜ ਸੈਂਟਰਾਂ ਤੇ ਦਲਾਲਾਂ ਦੇ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਹੈ। ਇਹ ਕਾਰਵਾਈ ਵਿਆਹ ਦਾ ਲਾਲਚ ਦੇ ਕੇ ਪਾਕਿਸਤਾਨੀ ਔਰਤਾਂ ਨੂੰ ਦੇਹ ਵਪਾਰ ਦੇ ਲਈ ਚੀਨ ਲਿਆਏ ਜਾਣ ਦੀਆਂ ਸ਼ਿਕਾਇਤਾਂ ਵਿਰੁੱਧ ਕੀਤੀ ਜਾ ਰਹੀ ਹੈ।

ਇਸ ਸੰਬੰਧ ਵਿੱਚ ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਦੇ ਅਨੁਸਾਰ ਪੂਰਬੀ ਚੀਨ ਦੇ ਸ਼ਾਨਦੋਂਗ ਸੂਬੇ ਦੇ ਹੇਜ ਸ਼ਹਿਰ ਵਿੱਚ ਅਧਿਕਾਰੀਆਂ ਨੇ ਗੈਰ ਕਾਨੂੰਨੀ ਤੌਰ ਉੱਤੇ ਚਲਾਏ ਜਾ ਰਹੇ ਮੈਰਿਜ ਸੈਂਟਰਾਂ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਤੇਜ਼ ਕੀਤੀ ਹੈ। ਇਨ੍ਹਾਂ ਵਿੱਚ ਚੀਨੀ ਮਰਦਾਂ ਨੂੰ ਪਾਕਿਸਤਾਨੀ ਔਰਤਾਂ ਨਾਲ ਮਿਲਾਇਆ ਜਾਂਦਾ ਹੈ। ਚੀਨੀ ਮਰਦਾਂ ਤੇ ਪਾਕਿਸਤਾਨੀ ਔਰਤਾਂ ਦੇ ਵਿਆਹ ਸਮਾਰੋਹ ਦੇ ਕਈ ਵੀਡੀਓ ਸਾਹਮਣੇ ਆਏ ਹਨ ਅਤੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਵਿੱਚੋਂ ਕਈ ਵੀਡੀਓ ਸ਼ਾਨਦੋਂਗ ਵਿੱਚ ਬਣਾਏ ਗਏ ਸਨ। ਇਹ ਸਕੈਂਡਲ ਓਦੋਂ ਪਤਾ ਲੱਗਾ, ਜਦ ਪਿਛਲੇ ਹਫਤੇ ਪਾਕਿਸਤਾਨੀ ਨਿਊਜ਼ ਚੈਨਲ ਏ ਆਰ ਵਾਈ ਨਿਊਜ਼ ਨੇ ਕੁਝ ਤਸਵੀਰਾਂ ਦਿਖਾਈਆਂ। ਇਨ੍ਹਾਂ ਵਿੱਚ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਗੈਰ ਕਾਨੂੰਨੀ ਵਿਆਹ ਕੇਂਦਰ ਦੇ ਵੱਖ-ਵੱਖ ਕਮਰਿਆਂ ਵਿੱਚ ਛੇ ਚੀਨੀ ਮਰਦਾਂ ਨਾਲ ਦੋ ਨਾਬਾਲਗ ਲੜਕੀਆਂ ਸਮੇਤ ਛੇ ਸਥਾਨਕ ਔਰਤਾਂ ਦਿਸ ਰਹੀਆਂ ਸਨ। ਕੇਂਦਰ ਚਲਾਉਣ ਵਾਲੇ ਲੋਕਾਂ ਨੇ ਚੈਨਲ ਨੂੰ ਦੱਸਿਆ ਕਿ ਉਹ ਪਰਵਾਰਾਂ ਨੂੰ ਇਹ ਲਾਲਚ ਦੇ ਕੇ ਤਿਆਰ ਕਰਦੇ ਹਨ ਕਿ ਉਨ੍ਹਾਂ ਦਾ ਹੋਣ ਵਾਲਾ ਜਵਾਈ ਪਾਕਿਸਤਾਨੀ ਨਾਗਰਿਕਤਾ ਮੰਗ ਸਕਦਾ ਹੈ ਤਾਂ ਕਿ ਇਹ ਸੀ ਪੀ ਈ ਸੀ ਦੇ ਤਹਿਤ ਪਾਕਿ ਵਿੱਚ ਨਿਵੇਸ਼ ਕਰ ਸਕੇ।

ਪਾਕਿਸਤਾਨ ਵਿੱਚ ਸੀ ਪੀ ਈ ਸੀ ਪ੍ਰੋਜੈਕਟ 2013 ਵਿੱਚ ਸ਼ੁਰੂ ਹੋਇਆ ਸੀ। ਤਦ ਤੋਂ ਵੱਡੀ ਗਿਣਤੀ ਵਿੱਚ ਚੀਨੀ ਨਾਗਰਿਕ ਪਾਕਿ ਵਿੱਚ ਕਈ ਯੋਜਨਾਵਾਂ ਵਿੱਚ ਕੰਮ ਕਰ ਰਹੇ ਹਨ। ਚੀਨੀ ਅਖਬਾਰ ਦੀ ਰਿਪੋਰਟ ਅਨੁਸਾਰ ਹੇਜ ਵਿੱਚ ਵਿਆਹ ਕਰਾਉਣ ਲਈ ਨਾਜਾਇਜ਼ ਰੂਪ ਤੋਂ ਚੱਲਦੇ ਦੋ ਕੇਂਦਰਾਂ 'ਤੇ ਫਰਵਰੀ ਵਿੱਚ ਛਾਪੇ ਪਏ ਸਨ। ਇਹ ਕੇਂਦਰ ਸਥਾਨਕ ਮਰਦਾਂ ਨੂੰ ਪਾਕਿਸਤਾਨੀ ਔਰਤਾਂ ਨਾਲ ਮਿਲਾਉਣ ਦੇ ਇੱਕ ਲੱਖ ਯੁਆਨ (ਕਰੀਬ ਦਸ ਲੱਖ ਰੁਪਏ) ਤੱਕ ਵਸੂਲਦੇ ਸਨ।

# ਨਾਸਾ ਨੇ ਧਰਤੀ ਦੇ ਆਕਾਰ ਦੇ ਨਵੇਂ ਗ੍ਰਹਿ ਦੀ ਖੋਜ ਕੀਤੀ

ਵਾਸ਼ਿੰਗਟਨ, 17 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸਾਡੇ ਸੂਰਜ ਮੰਡਲ ਦੇ ਬਾਹਰ ਧਰਤੀ ਦੇ ਆਕਾਰ ਦੇ ਗ੍ਰਹਿ ਦੀ ਖੋਜ ਕੀਤੀ ਹੈ। ਇਹ ਧਰਤੀ ਤੋਂ 53 ਪ੍ਰਕਾਸ਼ ਸਾਲ ਦੂਰ ਤਾਰੇ ਦੀ ਪਰਿਕਰਮਾ ਕਰਦਾ ਹੈ। ਇਸ ਗ੍ਰਹਿ ਦੀ ਨਾਸਾ ਦੇ ਟ੍ਰਾਂਜ਼ਿਟਿੰਗ ਐਕਸੋਪਲੇਨੇਟ ਸਰਵੇ ਸੈਟੇਲਾਈਟ (ਟੀ ਵੀ ਐਸ ਐਸ) ਨੇ ਖੋਜ ਕੀਤੀ ਹੈ। ਅਮਰੀਕਾ ਦੇ ਕਾਰਨੇਜੀ ਇੰਸਟੀਚਿਊਸ਼ਨ ਫਾਰ ਸਾਇੰਸ ਦੀ ਜੋਹੰਨਾ ਟੈਸਕ ਨੇ ਕਿਹਾ ਕਿ ਇਹ ਬਹੁਤ ਉਤਸ਼ਾਹ ਜਨਕ ਹੈ ਕਿ ਕਰੀਬ ਸਾਲ ਭਰ ਪਹਿਲੇ ਲਾਂਚ ਹੋਇਆ ਟੀ ਈ ਐਸ ਐਸ ਗ੍ਰਹਿਆਂ ਦਾ ਪਤਾ ਲਾਉਣ 'ਚ ਇਤਿਹਾਸਕ ਸਾਬਤ ਹੋ ਰਿਹਾ ਹੈ। ਇਹ ਪੁਲਾੜ ਜਹਾਜ਼ ਪੂਰੇ ਆਕਾਸ਼ ਦਾ ਸਰਵੇਖਣ ਕਰਦਾ ਜਾ ਰਿਹਾ ਹੈ। ਇਸ ਦੇ ਨਤੀਜੇ ਕਈ ਹੋਰ ਅਧਿਐਨ 'ਚ ਸਹਾਇਕ ਹੋਣਗੇ। ਵਿਗਿਆਨਕ ਟੀ ਈ ਐਸ ਐਸ ਤੋਂ ਮਿਲੇ ਸੰਕੇਤਾਂ ਦੀ ਹੋਰ ਜੰਤਰਾਂ ਨਾਲ ਪੁਸ਼ਟੀ ਕਰਦੇ ਹਨ। ਤੱਥਾਂ ਦੀ ਪੁਸ਼ਟੀ ਕਰਨ ਵਿੱਚ ਚਿਲੀ ਵਿਚਲੇ ਮੇਗਲਨ-2 ਟੈਲੀਸਕੋਪ 'ਤੇ ਲੱਗੇ ਪਲੇਨੇਟ ਫਾਈਂਡਰ ਸਪੈਕਟ੍ਰੋਗ੍ਰਾਫ (ਪੀ ਐਫ ਐਸ) ਦੀ ਅਹਿਮ ਭੂਮਿਕਾ ਹੈ।

# ਪਾਕਿ ਵਿੱਚ ਮੁਕਾਬਲੇ ਦੌਰਾਨ ਪੰਜ ਅੱਤਵਾਦੀ ਮਾਰੇ ਗਏ

ਪਿਸ਼ਾਵਰ, 17 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪਿਸ਼ਾਵਰ



ਵਿੱਚ ਕੱਲ੍ਹ ਸੁਰੱਖਿਆ ਬਲਾਂ ਤੇ ਅੱਤਵਾਦੀਆਂ ਵਿੱਚ 17 ਘੰਟੇ ਚੱਲਿਆ ਮੁਕਾਬਲਾ ਸ਼ਾਮ ਨੂੰ ਖਤਮ ਹੋ ਗਿਆ ਤੇ ਸੁਰੱਖਿਆ ਬਲਾਂ ਨੇ ਇਸ ਵਿੱਚ ਪੰਜ ਅੱਤਵਾਦੀਆਂ ਨੂੰ ਮਾਰ ਦਿੱਤਾ। ਮੁਕਾਬਲੇ ਵਿੱਚ ਇੱਕ ਪੁਲਸ ਅਧਿਕਾਰੀ ਅੱਤਵਾਦੀਆਂ ਦੀ ਗੋਲੀ ਨਾਲ ਮਾਰਿਆ ਗਿਆ। ਮੌਕੇ 'ਤੇ ਪੁਲਸ ਨੇ ਵਿਸਫੋਟਕਾਂ ਨਾਲ ਲੱਦੀ ਬਾਈਕ ਜ਼ਬਤ ਕੀਤੀ ਹੈ। ਇਸ ਸੰਬੰਧ ਵਿੱਚ ਪਾਕਿਸਤਾਨੀ ਫੌਜ ਦੀ ਮੀਡੀਆ ਸੈਲ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ ਨੇ ਮੁਕਾਬਲਾ ਖਤਮ ਹੋਣ ਦੇ ਬਾਅਦ ਜਾਣਕਾਰੀ ਦਿੱਤੀ ਹੈ। ਪਿਸ਼ਾਵਰ ਸਿਟੀ ਦੇ ਪੁਲਸ ਮੁਖੀ ਕਾਜ਼ੀ ਜ਼ਮੀਲ ਨੇ ਦੱਸਿਆ ਕਿ ਅੱਤਵਾਦੀ ਹਾਇਤਾਬਾਦ ਦੇ ਰਿਹਾਇਸ਼ੀ ਇਲਾਕੇ ਦੇ ਇੱਕ ਘਰ ਵਿੱਚ ਛੁਪੇ ਸਨ। ਖੁਫੀਆ ਸੂਚਨਾ 'ਤੇ ਪੁਲਸ ਅਤੇ ਫੌਜ ਨੇ ਸੋਮਵਾਰ ਨੂੰ ਅੱਤਵਾਦੀਆਂ ਖਿਲਾਫ ਸਾਂਝੀ ਸਰਚ ਮੁਹਿੰਮ ਚਲਾਈ ਤਾਂ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਸੀ। ਸੁਰੱਖਿਆ ਸੂਤਰਾਂ ਨੇ ਦੱਸਿਆ ਕਿ ਅੱਤਵਾਦੀ ਇੱਕ ਜੱਜ ਅਤੇ ਡੀ ਜੀ ਪੀ ਉਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ।

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਕੈਰੀ ਬੈਗ ਦੇ ਤਿੰਨ ਰੁਪਏ ਨਹੀਂ ਮੋੜੇ, ਫੋਰਮ ਨੇ ਫਰਮ ਨੂੰ ਤਿੰਨ ਹਜ਼ਾਰ ਜੁਰਮਾਨਾ ਲਾਇਆ

ਚੰਡੀਗੜ੍ਹ, 17 ਅਪ੍ਰੈਲ (ਪੋਸਟ ਬਿਊਰੋ)- ਇੱਕ ਕਸਟਮਰ ਕੋਲੋਂ ਕੈਰੀ ਬੈਗ ਦੇ ਸਿਰਫ ਤਿੰਨ ਰੁਪਏ ਵਸੂਲ ਕਰਨਾ ਬਾਟਾ ਸ਼ੂ ਸਟੋਰ ਨੂੰ ਮਹਿੰਗਾ ਪੈ ਗਿਆ। ਜ਼ਿਲਾ ਕੰਜ਼ਿਊਮਰ ਫੋਰਮ ਨੇ ਦਿਨੇਸ਼ ਪ੍ਰਸਾਦ ਰਤੂੜੀ ਦੀ ਸ਼ਿਕਾਇਤ ਉੱਤੇ ਬਾਟਾ ਸਟੋਰ ਸੈਕਟਰ-22 'ਤੇ ਤਿੰਨ ਹਜ਼ਾਰ ਰੁਪਏ ਜੁਰਮਾਨਾ ਲਾਇਆ ਹੈ।




ਅਸਲ ਵਿੱਚ ਬਾਟਾ ਸਟੋਰ ਨੇ ਦਿਨੇਸ਼ ਪ੍ਰਸਾਦ ਰਤੂੜੀ ਤੋਂ ਕੈਰੀ ਬੈਗ ਦੇ ਤਿੰਨ ਰੁਪਏ ਵੱਖਰੇ ਚਾਰਜ ਕਰ ਲਏ ਸਨ। ਰਤੂੜੀ ਨੇ ਜਦ ਕੈਰੀ ਬੈਗ ਦੇ ਤਿੰਨ ਰੁਪਏ ਵਾਪਸ ਮੰਗੇ ਤਾਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਇਸ ਉਤੇ ਰਤੂੜੀ ਨੇ ਬਾਟਾ ਸਟੋਰ ਦੇ ਖਿਲਾਫ ਕੰਜ਼ਿਊਮਰ ਫੋਰਮ ਵਿੱਚ ਸ਼ਿਕਾਇਤ ਕਰ ਦਿੱਤੀ। ਉਸ ਦਾ ਕਹਿਣਾ ਹੈ ਕਿ ਉਸ ਨੇ ਪੰਜ ਫਰਵਰੀ ਨੂੰ ਚੰਡੀਗੜ੍ਹ ਦੇ ਸੈਕਟਰ 22-ਡੀ ਵਿੱਚ ਬਾਟਾ ਸਟੋਰ ਤੋਂ ਬੂਟ ਖਰੀਦੇ ਸਨ ਅਤੇ ਸਟੋਰ ਨੇ ਉਨ੍ਹਾਂ ਨੂੰ 402 ਰੁਪਏ ਦਾ ਬਿਲ ਦਿੱਤਾ, ਜਿਸ ਵਿੱਚ ਪੇਪਰ ਕੈਰੀ ਬੈਗ ਦੇ ਤਿੰਨ ਰੁਪਏ ਦਾ ਬਿਲ ਸ਼ਾਮਲ ਸੀ। ਪੇਪਰ ਬੈਗ ਉੱਤੇ ਬਾਟਾ ਆਪਣੇ ਬ੍ਰਾਂਡ ਦਾ ਪ੍ਰਚਾਰ ਕਰ ਰਿਹਾ ਸੀ। ਦਿਨੇਸ਼ ਨੇ ਕੰਜ਼ਿਊਮਰ ਫੋਰਮ ਨੂੰ ਸ਼ਿਕਾਇਤ ਕੀਤੀ। ਫੋਰਮ ਨੇ ਕਿਹਾ ਕਿ ਬਾਟਾ ਇੰਡੀਆ ਜੇ ਖੁਦ ਨੂੰ ਵਾਤਾਵਰਣ ਐਕਟੀਵਿਸਟ ਸਮਝਦਾ ਹੈ ਤਾਂ ਇਹ ਬੈਗ ਉਸ ਨੂੰ ਆਪਣੇ ਗ੍ਰਾਹਕਾਂ ਨੂੰ ਮੁਫਤ ਦੇਣਾ ਚਾਹੀਦਾ ਹੈ। ਫੋਰਮ ਨੇ ਇਹ ਵੀ ਕਿਹਾ ਕਿ ਗਲਤ ਢੰਗ ਲਏ ਤਿੰਨ ਰੁਪਏ ਗ੍ਰਾਹਕ ਨੂੰ ਵਾਪਸ ਕੀਤੇ ਜਾਣ ਅਤੇ ਇਸ ਦੇ ਨਾਲ ਫੋਰਮ ਨੇ ਬਾਟਾ ਨੂੰ ਤਿੰਨ ਹਜ਼ਾਰ ਰੁਪਏ ਹਰਜਾਨਾ ਦੇਣ ਨੂੰ ਕਿਹਾ ਹੈ। ਫੋਰਮ ਨੇ ਇੱਕ ਹਜ਼ਾਰ ਰੁਪਏ ਮੁਕ-ਦਮਾ ਖਰਚ ਵੀ ਦੇਣ ਨੂੰ ਕਿਹਾ ਹੈ। ਫੋਰਮ ਨੇ ਬਾਟਾ ਇੰਡੀਆ ਨੂੰ 5000 ਰੁਪਏ ਖਪਤਕਾਰ ਕਾਨੂੰਨੀ ਸਹਾਇਤਾ ਖਾਤਾ ਵਿੱਚ ਵੀ ਦੇਣ ਨੂੰ ਕਿਹਾ ਹੈ।

# ਭਾਰਤ ਦੇ ਡਾਕ ਵਿਭਾਗ ਦਾ ਘਾਟਾ 15000 ਕਰੋੜ ਤਕ ਜਾ ਪੁੱਜਾ

ਨਵੀਂ ਦਿੱਲੀ, 17 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਏਅਰ ਇੰਡੀਆ, ਬੀ ਐਸ ਐਨ ਐਲ ਦੇ ਘਾਟੇ ਵੱਲ ਨੂੰ ਜਾਣ ਤੋਂ ਬਾਅਦ ਡਾਕ ਵਿਭਾਗ ਦੀ ਹਾਲਤ ਵੀ ਮਾੜੀ ਹੋ ਚੁੱਕੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਡਾਕ ਵਿਭਾਗ ਦੀ ਆਮਦਨ ਸਾਥ ਨਹੀਂ ਦੇ ਰਹੀ ਤੇ ਘਾਟਾ ਲਗਾਤਾਰ ਵਧ ਰਿਹਾ ਹੈ। ਇਹ 2016 ਵਿੱਚ ਇਹ 150 ਫ਼ੀਸਦੀ ਵਧ ਕੇ 6007 ਕਰੋੜ ਰੁਪਏ ਤਕ ਚਲਾ ਗਿਆ ਅਤੇ ਸਾਲ 2019 ਵਿੱਚ ਵਧ ਕੇ 15000 ਕਰੋੜ ਰੁਪਏ ਨੂੰ ਪੁੱਜ ਗਿਆ ਸੀ।

ਇਸ ਦੌਰਾਨ ਭਾਰਤ ਟੈਲੀਫੋਨ ਕਾਰਪੋਰੇਸ਼ਨ ਲਿਮਟਿਡ ਅਤੇ ਏਅਰ ਇੰਡੀਆ ਨੂੰ ਪਿੱਛੇ ਛੱਡ ਕੇ ਡਾਕ



